Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 20* Issue 220 | Tuesday, November 09, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਕੋਵਿਡ-19 ਦੇ 13 ਮਾਮਲੇ ਸਾਹਮਣੇ ਆਉਣ ਤੋਂ ਬਾਅਦ ਟੋਰਾਂਟੋ ਐਲੀਮੈਂਟਰੀ ਸਕੂਲ ਕੀਤਾ ਗਿਆ ਬੰਦ

ਟੋਰਾਂਟੋ, 8 ਨਵੰਬਰ (ਪੋਸਟ ਬਿਊਰੋ): ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਸਥਿਤ ਇੱਕ ਐਲੀਮੈਂਟਰੀ ਸਕੂਲ ਨੂੰ 13 ਵਿਦਿਆਰਥੀਆਂ ਤੇ ਸਟਾਫ ਮੈਂਬਰਜ਼ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ।



ਤਾਜ਼ਾ ਡਾਟਾ ਅਨੁਸਾਰ ਟੋਰਾਂਟੋ ਦੇ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਦੇ ਪ੍ਰੈਸ਼ੀਅਸ ਬਲੱਡ ਕੈਥੋਲਿਕ ਸਕੂਲ ਦੇ 11 ਵਿਦਿਆਰਥੀਆਂ ਤੇ ਦੋ ਸਟਾਫ ਮੈਂਬਰਾਂ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਉਣ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ। ਇਨ੍ਹਾਂ ਸੱਭ ਦੇ ਟੈਸਟ ਪਹਿਲੀ ਨਵੰਬਰ ਤੋਂ 7 ਨਵੰਬਰ ਦਰਮਿਆਨ ਕੀਤੇ ਗਏ ਸਨ।

ਐਤਵਾਰ ਨੂੰ ਟੋਰਾਂਟੋ ਪਬਲਿਕ ਹੈਲਥ ਨੇ ਟਵੀਟ ਕਰਕੇ ਆਖਿਆ ਕਿ ਕੋਵਿਡ-19 ਜਾਂਚ ਦੇ ਚੱਲਦਿਆਂ ਟੀਪੀਐਚ ਵੱਲੋਂ ਪ੍ਰੈਸ਼ੀਅਸ ਬਲੱਡ ਕੈਥੋਲਿਕ ਸਕੂਲ ਦੇ ਵਿਦਿਆਰਥੀਆਂ ਨੂੰ 8 ਨਵੰਬਰ ਤੋਂ ਆਰਜ਼ੀ ਤੌਰ ਉੱਤੇ ਇਨ ਪਰਸਨ ਕਲਾਸਾਂ ਲਾਉਣ ਤੇ ਹੋਰਨਾਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਤੋਂ ਵਰਜਿਆ ਜਾਂਦਾ ਹੈ।

ਬੋਰਡ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਮਾਮਲਿਆਂ ਦੇ ਸੰਪਰਕ ਵਿੱਚ ਆਉਣ ਵਾਲਿਆਂ ਦੀ ਪਛਾਣ ਕਰ ਲਈ ਗਈ ਹੈ ਤੇ ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਹੀ ਰਹਿਣ ਦੀਆਂ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਆਖਿਆ ਕਿ ਜਲਦ ਹੀ ਸਾਡੇ ਵੱਲੋਂ ਇਹ ਜਾਣਕਾਰੀ ਦਿੱਤੀ ਜਾਵੇਗੀ ਕਿ ਇਨ ਪਰਸਨ ਕਲਾਸਾਂ ਕਦੋਂ ਤੋਂ ਲਾਈਆਂ ਜਾਣਗੀਆਂ।

## ਬ੍ਰੈਡਫੋਰਡ ਬਾਈਪਾਸ ਦਾ ਪੂਰਾ ਖਰਚ ਉਠਾਵੇਗੀ ਫੋਰਡ ਸਰਕਾਰ

ਓਨਟਾਰੀਓ, 8 ਨਵੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਨੇ ਪਿਛਲੇ ਹਫਤੇ ਕੀਤੇ ਆਪਣੇ ਵਾਅਦੇ ਨੂੰ ਪੁਗਾਉਂਦਿਆਂ ਸਿਮਕੋਅ ਯੌਰਕ ਵਿੱਚ ਬ੍ਰੈਡਫੋਰਡ ਬਾਇਪਾਸ ਨੂੰ ਪੂਰੀ ਤਰ੍ਹਾਂ ਫੰਡ ਕਰਨ ਦਾ ਐਲਾਨ ਕੀਤਾ ਹੈ।

ਪਿਛਲੇ ਹਫਤੇ ਫੋਰਡ ਸਰਕਾਰ ਨੇ ਇਹ ਆਖਿਆ ਸੀ ਕਿ ਹਾਈਵੇਅ 400 ਉੱਤੇ ਅਤੇ ਸਿਮਕੋਅ ਕਾਊਂਟੀ ਅਤੇ ਯੌਰਕ ਰੀਜਨ ਵਿੱਚ ਕੁੱਝ ਲੋਕਲ ਸੜਕਾਂ ਉੱਤੇ ਭੀੜ ਨੂੰ ਘਟਾਉਣ ਲਈ ਇਸ ਬਾਈਪਾਸ ਨੂੰ ਪੂਰਾ ਕੀਤਾ ਜਾਣਾ ਹੈ। ਜਿਸ ਨੂੰ ਸਰਕਾਰ ਵੱਲੋਂ ਫੰਡ ਦਿੱਤੇ ਜਾਣਗੇ। ਇਨ੍ਹਾਂ ਦੋਵਾਂ ਰੀਜਨਜ਼ ਦੇ ਅਗਲੇ ਦੋ ਦਹਾਕਿਆਂ ਵਿੱਚ ਤੇਜ਼ੀ ਨਾਲ ਵਿਕਸਤ ਹੋਣ ਦੀ ਸੰਭਾਵਨਾ ਹੈ। ਸੋਮਵਾਰ ਨੂੰ ਫੋਰਡ ਸਰਕਾਰ ਨੇ ਇਹ ਵਚਨਬੱਧਤਾ ਦੁਹਰਾਈ ਕਿ ਚਾਰ ਲੇਨ ਵਾਲੇ ਫਰੀਵੇਅ ਨੂੰ ਹਾਈਵੇਅ 400 ਤੇ ਹਾਈਵੇਅ 404 ਨਾਲ ਜੋੜਿਆ ਜਾਵੇਗਾ ਤੇ ਇਸ ਬਾਇਪਾਸ ਲਈ ਸਰਕਾਰ ਸਾਰਾ ਖਰਚਾ ਕਰੇਗੀ।




ਫੋਰਡ ਨੇ ਇਸ ਮੌਕੇ ਆਖਿਆ ਕਿ ਇਸ ਪ੍ਰੋਜੈਕਟ ਦੇ ਨਾਲ ਨਾਲ ਅਹਿਮ ਇਨਫਰਾਸਟ੍ਰਕਚਰ ਪ੍ਰੋਜੈਕਟਸ ਕਾਰਨ ਅਹਿਮ ਨੌਕਰੀਆਂ ਪੈਦਾ ਹੋਣਗੀਆਂ, ਸਾਡੇ ਅਰਥਚਾਰੇ ਨੂੰ ਹੁਲਾਰਾ ਮਿਲੇਗਾ ਤੇ ਹਾਈਵੇਅ ਉੱਤੇ ਭੀੜ ਭੜੱਕਾ ਵੀ ਘਟੇਗਾ। ਟਰਾਂਸਪੋਰਟੇਸ਼ਨ ਮੰਤਰੀ ਕੈਰੋਲਿਨ ਮਲਰੋਨੀ, ਜੋ ਕਿ ਯੌਰਕ ਸਿਮਕੋਅ ਤੋਂ ਐਮਪੀਪੀ ਵੀ ਹਨ, ਨੇ ਆਖਿਆ ਕਿ 2019 ਵਿੱਚ ਜਦੋਂ ਉਹ ਚੁਣੀ ਗਈ ਸੀ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੇ ਹਲਕਾ ਵਾਸੀਆਂ ਵੱਲੋਂ ਸੜਕਾਂ ਉੱਤੇ ਲੱਗਣ ਵਾਲੇ ਇਸ ਜਾਮ ਨੂੰ ਖਤਮ ਕਰਨ ਦੀ ਮੰਗ ਕੀਤੀ ਜਾਂਦੀ ਰਹੀ ਹੈ।

ਮਲਰੋਨੀ ਨੇ ਆਖਿਆ ਕਿ ਇਸ ਪ੍ਰੋਜੈਕਟ ਨਾਲ ਹਰ ਸਾਲ ਰੋਜ਼ਗਾਰ ਦੇ 700 ਹੋਰ ਮੌਕੇ ਮਿਲਣਗੇ ਤੇ ਇਸ ਨਾਲ ਸਾਲਾਨਾ ਜੀਡੀਪੀ 70 ਮਿਲੀਅਨ ਡਾਲਰ ਤੋਂ ਵੀ ਟੱਪ ਜਾਵੇਗੀ। ਉਨ੍ਹਾਂ ਆਖਿਆ ਕਿ ਇਸ ਨਾਲ ਗ੍ਰੀਨਹਾਊਸ ਗੈਸਾਂ ਦਾ ਰਿਸਾਅ ਵੀ ਘਟੇਗਾ। ਪਰ ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਨੇ ਆਖਿਆ ਕਿ ਇਸ ਹਾਈਵੇਅ ਦੇ ਪੂਰਾ ਹੋਣ ਨਾਲ ਪ੍ਰਦੂਸ਼ਣ ਵਿੱਚ ਵਾਧਾ ਹੋਵੇਗਾ ਤੇ ਉਨ੍ਹਾਂ ਫੋਰਡ ਤੋਂ ਮੰਗ ਕੀਤੀ ਕਿ ਇਸ ਪਲੈਨ ਨੂੰ ਖ਼ਤਮ ਕਰ ਦਿੱਤਾ ਜਾਵੇ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਚੋਣਾਂ ਤੋਂ ਬਾਅਦ ਲਿਬਰਲ ਅੱਜ ਕਰਨਗੇ ਕਾਕਸ ਮੀਟਿੰਗ

ਓਟਵਾ, 8 ਨਵੰਬਰ (ਪੋਸਟ ਬਿਊਰੋ) : ਅੱਜ ਲਿਬਰਲ ਕਾਕਸ ਦੀ ਹੋਣ ਵਾਲੀ ਮੀਟਿੰਗ ਵਿੱਚ ਫੈਡਰਲ ਚੋਣ ਮੁਹਿੰਮ ਦਾ ਮੁੱਦਾ ਏਜੰਡੇ ਉੱਤੇ ਸੱਭ ਤੋਂ ਉੱਪਰ ਰਹਿਣ ਦੀ ਸੰਭਾਵਨਾ ਹੈ।



20 ਸਤੰਬਰ ਨੂੰ ਹੋਈਆਂ ਫੈਡਰਲ ਚੋਣਾਂ ਵਿੱਚ ਘੱਟਗਿਣਤੀ ਸਰਕਾਰ ਬਣ ਕੇ ਉੱਭਰਣ ਵਾਲੇ ਲਿਬਰਲ ਕਾਕਸ ਦੀ ਚੋਣਾਂ ਤੋਂ ਬਾਅਦ ਹੋਣ ਵਾਲੀ ਇਹ ਪਹਿਲੀ ਫੁੱਲ ਮੀਟਿੰਗ ਹੋਵੇਗੀ। ਥੋੜ੍ਹੀ ਪ੍ਰਸ਼ਾਸਨਿਕ ਗੱਲਬਾਤ ਤੋਂ ਬਾਅਦ ਲਿਬਰਲ ਐਮਪੀਜ਼ ਵੱਲੋਂ ਆਉਣ ਵਾਲੇ ਪਾਰਲੀਆਮੈਂਟਰੀ ਸੈਸ਼ਨ ਤੋਂ ਕਿਹੋ ਜਿਹੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਇਸ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾ ਸਕਦਾ ਹੈ।

ਲਿਬਰਲਾਂ ਵੱਲੋਂ ਆਪਣੀ ਚੋਣ ਮੁਹਿੰਮ ਦੌਰਾਨ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ, ਪਾਬੰਦੀਸ਼ੁਦਾ ਹਥਿਆਰਾਂ ਲਈ ਮੁੜ ਖਰੀਦਣ ਸਬੰਧੀ ਪ੍ਰੋਗਰਾਮ ਨੂੰ ਲਾਗੂ ਕਰਨਾ, ਘਰਾਂ ਦੀ ਮਲਕੀਅਤ ਨੂੰ ਹੁਲਾਰਾ ਦੇਣਾ ਤੇ ਕੋਵਿਡ-19 ਖਿਲਾਫ ਲੜਾਈ ਨੂੰ ਸਿਰੇ ਲਾਉਣ ਆਦਿ ਵਰਗੇ ਵਾਅਦੇ ਕੀਤੇ ਗਏ ਸਨ। ਪਾਰਲੀਆਮੈਂਟ ਦੀ ਕਰਵਾਈ 22 ਨਵੰਬਰ ਤੋਂ ਸ਼ੁਰੂ ਹੋਣ ਜਾ ਰਹੀ ਹੈ ਤੇ ਛੁੱਟੀਆਂ ਤੋਂ ਪਹਿਲਾਂ ਇਹ ਚਾਰ ਹਫਤਿਆਂ ਲਈ ਜਾਰੀ ਰਹੇਗੀ।

## ਬਰੈਂਪਟਨ ਦੇ ਘਰ ਨੂੰ ਲੱਗੀ ਅੱਗ, 6 ਝੁਲਸੇ, 1 ਦੀ ਸਥਿਤੀ ਨਾਜ਼ੁਕ

ਬਰੈਂਪਟਨ, 8 ਨਵੰਬਰ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਨੂੰ ਲੱਗੀ ਅੱਗ ਤੋਂ ਬਾਅਦ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਇਨ੍ਹਾ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਐਤਵਾਰ ਸਵੇਰੇ 11:00 ਵਜੇ ਤੋਂ ਠੀਕ ਪਹਿਲਾਂ ਮਿਸੀਸਾਗਾ ਰੋਡ ਤੇ ਬੋਵੇਅਰਡ ਡਰਾਈਵ ਇਲਾਕੇ ਵਿੱਚ ਲੌਂਗੇਵਿਟੀ ਰੋਡ ਉੱਤੇ ਸਥਿਤ ਘਰ ਵਿੱਚ ਲੱਗੀ ਅੱਗ ਨੂੰ ਬੁਝਾਉਣ ਲਈ ਫਾਇਰ ਅਮਲੇ ਨੂੰ ਸੱਦਿਆ ਗਿਆ। ਅੱਗ ਉੱਤੇ ਕਾਬੂ ਪਾਉਣ ਉੱਤੇ ਲੱਗੇ ਹੋਏ ਫਾਇਰ ਫਾਈਟਰਜ਼ ਨੂੰ ਪਹਿਲਾਂ ਬੇਸਮੈਂਟ ਦੀ ਅੱਗ ਉੱਤੇ ਕਾਬੂ ਪਾਉਣਾ ਪਿਆ। ਅਹਿਤਿਆਤ ਵਜੋਂ ਨੇੜਲੇ ਘਰਾਂ ਨੂੰ ਖਾਲੀ ਕਰਵਾ ਲਿਆ ਗਿਆ।



ਕੁੱਝ 9 ਵਿਅਕਤੀ ਇਸ ਦੌਰਾਨ ਝੁਲਸ ਗਏ ਜਿਨ੍ਹਾਂ ਵਿੱਚੋਂ ਛੇ ਨੂੰ ਹਸਪਤਾਲ ਲਿਜਾਇਆ ਗਿਆ। ਇੱਕ ਵਿਅਕਤੀ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ, ਇੱਕ ਨੂੰ ਗੰਭੀਰ ਸੱਟਾਂ ਲੱਗੀਆਂ ਜਦਕਿ ਚਾਰ ਹੋਰਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਪੀਲ ਪੁਲਿਸ ਵੱਲੋਂ ਕਿਸੇ ਦੀ ਉਮਰ ਆਦਿ ਦੀ ਜਾਣਕਾਰੀ ਹਾਲ ਦੀ ਘੜੀ ਜਾਰੀ ਨਹੀਂ ਕੀਤੀ ਗਈ ਹੈ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill (647)767-6665
gurdipgill1@hotmail.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990
www.ufsinsurance.com
# 25-831 Bovaird Dr. W. Brampton, ON L6X0T9

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A.Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
Shinder Kelley
1200 Derry Road E, #15, Mississauga, ON L5T 0B3
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਗੋਲੀ ਚੱਲਣ ਨਾਲ ਜ਼ਖ਼ਮੀ ਹੋਇਆ ਟੀਨੇਜਰ, ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ

ਓਸ਼ਵਾ, 8 ਨਵੰਬਰ (ਪੋਸਟ ਬਿਊਰੋ) : ਵੀਕੈਂਡ ਉੱਤੇ ਓਸ਼ਵਾ ਵਿੱਚ ਇੱਕ 19 ਸਾਲਾ ਲੜਕੇ ਨੂੰ ਗੋਲੀ ਮਾਰੇ ਜਾਣ ਦੇ ਮਾਮਲੇ ਵਿੱਚ ਦਰਹਾਮ ਰੀਜਨਲ ਪੁਲਿਸ ਵੱਲੋਂ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ।




ਸ਼ਨਿੱਚਰਵਾਰ 6 ਨਵੰਬਰ ਨੂੰ ਅੱਧੀ ਰਾਤ ਤੋਂ ਬਾਅਦ ਪੁਲਿਸ ਨੂੰ ਸਿਮਕੋਅ ਸਟਰੀਟ ਨੌਰਥ ਉੱਤੇ ਸਥਿਤ ਬੀਐਲਵੀਡੀ ਰੈਸਟੋਰੈਂਟ ਐਂਡ ਬਾਰ ਦੇ ਪਾਰਕਿੰਗ ਲੌਟ ਵਿੱਚ ਇੱਕ ਹਥਿਆਰਬੰਦ ਵਿਅਕਤੀ ਦੇ ਘੁੰਮਣ ਦੀਆਂ ਖਬਰਾਂ ਮਿਲਣ ਮਗਰੋਂ ਸੱਦਿਆ ਗਿਆ। ਜਾਂਚਕਾਰਾਂ ਦਾ ਕਹਿਣਾ ਹੈ ਕਿ ਇੱਥੇ ਦੋ ਗਰੁੱਪਜ਼ ਵਿੱਚ ਝਗੜਾ ਹੋਇਆ ਤੇ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ। ਉਸ ਟੀਨੇਜਰ ਨੂੰ ਬਹੁਤਾ ਨੁਕਸਾਨ ਤਾਂ ਨਹੀਂ ਹੋਇਆ ਪਰ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਣਾ ਪਿਆ। ਹੁਣ ਪੁਲਿਸ ਇੱਕ ਪੁਰਸ਼ ਮਸ਼ਕੂਕ ਦੀ ਭਾਲ ਕਰ ਰਹੀ ਹੈ ਜਿਸ ਦਾ ਟੈਨ ਜਾਂ ਲਾਈਟ ਕੰਪਲੈਕਸ਼ਨ ਹੈ, ਉਸ ਦੀ ਕੱਦਕਾਠੀ ਦਰਮਿਆਨੀ ਹੈ, ਉਸ ਦਾ ਕੱਦ 5 ਫੁੱਟ 6 ਇੰਚ ਹੈ ਤੇ ਉਸ ਦੇ ਲੰਮੇਂ ਤੇ ਗੁੰਦੇ ਹੋਏ ਵਾਲ ਹਨ। ਉਸ ਨੂੰ ਆਖਰੀ ਵਾਰੀ ਨੀਲੇ ਰੰਗ ਦੀ ਪੈਂਟ, ਲਾਲ ਹੁਡੀ ਤੇ ਗ੍ਰੇਅ ਬੇਸਬਾਲ ਕੈਪ ਲਿਆਂ ਵੇਖਿਆ ਗਿਆ।

# ਟੀਨੇਜ ਲੜਕੀਆਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰਨ ਵਾਲੇ ਤੋਂ ਚੌਕਸ ਰਹਿਣ ਦੀ ਅਪੀਲ



ਟੋਰਾਂਟੋ, 8 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਸ਼ਹਿਰ ਦੇ ਪੂਰਬੀ ਸਿਰੇ ਉੱਤੇ ਟੀਨੇਜਰ ਲੜਕੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਤੋਂ ਚੌਕਸ ਰਹਿਣ ਦੀ ਅਪੀਲ ਕੀਤੀ ਗਈ ਹੈ। ਇਹ ਵਿਅਕਤੀ ਹਲਕੇ ਰੰਗ ਦੀ ਐਸਯੂਵੀ ਵਿੱਚ ਘੁੰਮਦਾ ਵੇਖਿਆ ਗਿਆ ਹੈ।
ਪੁਲਿਸ ਨੇ ਦੱਸਿਆ ਕਿ ਗੱਡੀ ਪੁਰਾਣੇ ਮਾਡਲ ਦੀ ਹੈ ਤੇ ਇਸ ਨੂੰ ਦਰਮਿਆਨੀ ਉਮਰ ਦਾ ਵਿਅਕਤੀ ਚਲਾਉਂਦਾ ਵੇਖਿਆ ਗਿਆ ਹੈ। ਇਹ ਵਿਅਕਤੀ ਬਰਚਮਾਊਂਟ ਤੇ ਡੈਨਫੋਰਥ ਰੋਡਜ਼ ਉੱਤੇ ਟੀਨੇਜਰ ਲੜਕੀਆਂ ਨਾਲ ਗੱਲਬਾਤ ਕਰਦਾ ਤੇ ਉਨ੍ਹਾਂ ਨੂੰ ਕਾਰ ਵਿੱਚ ਬਿਠਾਉਣ ਦੀ ਕੋਸ਼ਿਸ਼ ਕਰਦਾ ਵੇਖਿਆ ਗਿਆ ਹੈ।

ਸਤੰਬਰ ਤੋਂ ਲੈ ਕੇ ਹੁਣ ਤੱਕ ਪੁਲਿਸ ਨੂੰ ਇਸ ਸਬੰਧ ਵਿੱਚ ਕਈ ਰਿਪੋਰਟਾਂ ਕੀਤੀਆਂ ਜਾ ਚੁੱਕੀਆਂ ਹਨ। ਇਸ ਵਿਅਕਤੀ ਦੀ ਉਮਰ 40 ਤੋਂ 50 ਸਾਲ ਦਰਮਿਆਨ ਦੱਸੀ ਜਾਂਦੀ ਹੈ ਤੇ ਉਸ ਦਾ ਵੱਖਰਾ ਐਕਸੈਂਟ ਵੀ ਹੈ। ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ 416-808-4100 ਉੱਤੇ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਐਨਡੀਪੀ ਨਾਲ ਗੱਠਜੋੜ ਦੀ ਸੰਭਾਵਨਾ ਤੋਂ ਲਿਬਰਲਾਂ ਨੇ ਕੀਤਾ ਇਨਕਾਰ



ਓਟਵਾ, 8 ਨਵੰਬਰ (ਪੋਸਟ ਬਿਊਰੋ) : ਨਵੇਂ ਪਾਰਲੀਆਮੈਂਟਰੀ ਸੈਸ਼ਨ ਵਿੱਚ ਲਿਬਰਲ ਐਨਡੀਪੀ ਗੱਠਜੋੜ ਦੀ ਸੰਭਾਵਨਾ ਨੂੰ ਲਿਬਰਲ ਹਾਊਸ ਲੀਡਰ ਵੱਲੋਂ ਰੱਦ ਕਰ ਦਿੱਤਾ ਗਿਆ ਹੈ।

ਇੱਕ ਇੰਟਰਵਿਊ ਵਿੱਚ ਮਾਰਕ ਹੌਲੈਂਡ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਇਸ ਬਾਰੇ ਲਿਬਰਲਾਂ ਤੇ ਐਨਡੀਪੀ ਦਰਮਿਆਨ ਕੋਈ ਰਸਮੀ ਜਾਂ ਗੈਰਰਸਮੀ ਗੱਲਬਾਤ ਹੋਈ ਹੈ ਤਾਂ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਗੱਲਬਾਤ ਤਾਂ ਹਰੇਕ ਪਾਰਟੀ ਨਾਲ ਹੋਈ ਹੈ। ਪਰ ਅਜੇ ਤੱਕ ਕਿਸੇ ਨਾਲ ਗੱਲਬਾਤ ਗੱਠਜੋੜ ਤੱਕ ਨਹੀਂ ਪਹੁੰਚੀ ਹੈ।
ਪਾਰਟੀਆਂ 22 ਨਵੰਬਰ ਨੂੰ ਹਾਊਸ ਆਫ ਕਾਮਨਜ਼ ਪਰਤਣ ਦੀ ਤਿਆਰੀ ਕਰ ਰਹੀਆਂ ਹਨ। 20 ਸਤੰਬਰ ਨੂੰ ਹੋਈਆਂ ਚੋਣਾਂ ਤੋਂ ਬਾਅਦ ਲਿਬਰਲ ਪਾਰਟੀ ਨੇ ਸੋਮਵਾਰ ਨੂੰ ਆਪਣੇ ਕਾਕਸ ਦੀ ਮੀਟਿੰਗ ਵੀ ਕੀਤੀ।

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor




For More Details Call: 416-970-5005/647-242-8667


Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਕਰਦਾ ਏ ਚੰਨੀ 'ਤੇ ਚੋਟ ਨਵਜੋਤ ਸਿੱਧੂ,
ਨਾਲੇ ਸਾਥੀਆਂ ਦੀ ਕਰਦਾ ਏ ਝੰਡ ਬੇਲੀ।
ਮੂਹਰੇ ਮੀਡੀਏ ਦੇ ਜਦ ਉਹ ਬੈਠ ਜਾਂਦਾ,
ਲਾਹੀ ਸਾਰਿਆਂ ਦੀ ਜਾਂਦਾ ਏ ਡੰਡ ਬੇਲੀ।
ਹਰ ਇੱਕ ਗੱਲ ਨੂੰ ਗਲਤ ਕਰਾਰ ਦਿੰਦਾ,
ਸਿੱਟਦਾ ਰੋਜ਼ ਉਹ ਦੋਸ਼ਾਂ ਦੀ ਪੰਡ ਬੇਲੀ।
ਕਹਿੰਦੇ ਲੋਕ ਨੇ ਗਲਤ ਨਾ ਦੋਸ਼ ਲਾਉਂਦਾ,
ਕੱਢਦਾ ਸਾਰਿਆਂ ਦੇ ਇਹ ਹੀ ਚੰਡ ਬੇਲੀ।
ਕਰਦਾ ਜਿਨ੍ਹਾਂ 'ਤੇ ਨਿੱਤ ਉਹ ਚਾਂਦਮਾਰੀ,
ਕਰਦੇ ਉਹਦੀ ਨਹੀਂ ਰਤਾ ਪ੍ਰਵਾਹ ਬੇਲੀ।
ਆਪਣੀ ਚਾਲ ਹੀ ਚੱਲਦੇ ਮਸਤ ਰਹਿੰਦੇ,
ਨਾ ਉਹ ਮਿਲਣ, ਨਾ ਲੈਣ ਸਲਾਹ ਬੇਲੀ।

**ਤੀਸ ਮਾਰ ਖਾਂ**

# ਲਖੀਮਪੁਰ ਹਿੰਸਾ ਕੇਸ: ਸੁਪਰੀਮ ਕੋਰਟ ਵੱਲੋਂ ਹਾਈ ਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਜਾਂਚ ਕਰਵਾਉਣ ਦੇ ਸੰਕੇਤ

*** ਉੱਤਰ ਪ੍ਰਦੇਸ਼ ਸਰਕਾਰ ਨੂੰ ਫਿਰ ਅਦਾਲਤ ਤੋਂ ਝਾੜਾਂ ਪਈਆਂ**



ਨਵੀਂ ਦਿੱਲੀ, 8 ਨਵੰਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਵਿੱਚ 3 ਅਕਤੂਬਰ ਨੂੰ ਹੋਈ ਹਿੰਸਾ ਦੇ ਦੌਰਾਨ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਨੂੰ ਜੀਪ ਨਾਲ ਕੁਚਲੇ ਜਾਣ ਅਤੇ ਤਿੰਨ ਭਾਜਪਾ ਵਰਕਰ ਭੀੜ ਦੇ ਹੱਥੋਂ ਮਾਰੇ ਜਾਣ ਦੇਕੇਸ ਦੀ ਸੁਣਵਾਈ ਅੱਜ ਸੁਪਰੀਮ ਕੋਰਟ ਵਿੱਚ ਹੋਈ ਤਾਂ ਕੋਰਟ ਨੇ ਕਿਹਾ ਕਿ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਜਾਂ ਪੰਜਾਬ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਰਾਕੇਸ਼ ਕੁਮਾਰ ਨੂੰ ਜਾਂਚ ਸੌਂਪੀ ਜਾ ਸਕਦੀ ਹੈ।ਕੋਰਟ ਨੇ ਕਿਹਾ ਕਿ ਉਹ ਦੇਖਣਗੇ ਕਿ ਤਿੰਨਾਂ ਕੇਸਾਂਵਿੱਚਕਿਵੇਂ ਚਾਰਜਸ਼ੀਟ ਦਾਇਰ ਹੋਈ ਹੈ।

ਭਾਰਤ ਦੇ ਚੀਫ ਜਸਟਿਸ ਐਨਵੀ ਰਾਮੰਨਾ ਨੇ ਅੱਜ ਦੀ ਸੁਣਵਾਈ ਮੌਕੇ ਕਿਹਾ ਕਿ 'ਅਸੀਂ ਇਸ ਕੇਸ ਦੀ ਸਟੇਟਸ ਰਿਪੋਰਟ ਦੇਖੀ ਹੈ, ਇਸਵਿੱਚ ਕੁਝ ਵੀ ਨਵਾਂ ਨਹੀਂ, ਅਸੀਂ ਜੋ ਆਸ ਕਰਦੇ ਸੀ,ਉਹ ਕੁਝ ਨਹੀਂ। 10 ਦਿਨ ਸਮਾਂ ਦਿੱਤਾ ਸੀ, ਕੋਈ ਗੱਲ ਅੱਗੇ ਨਹੀਂ ਵਧੀ। ਫ਼ੋਨ ਰਿਕਾਰਡ ਦੀ ਜਾਂਚ ਨਹੀਂ ਹੋਈ। ਕੁਝ ਕੁ ਗਵਾਹਾਂ ਦੇ ਬਿਆਨ ਹੋਏਅਤੇ ਲੈਬ ਦੀ ਰਿਪੋਰਟ ਤੱਕ ਨਹੀਂ ਆਈ।'ਉੱਤਰ ਪ੍ਰਦੇਸ਼ ਸਰਕਾਰ ਦੇ ਵਕੀਲ ਹਰੀਸ਼ ਸਾਲਵੇ ਨੇ ਕਿਹਾ, 'ਲੈਬ ਨੇ ਇਸ 15 ਨਵੰਬਰ ਤੱਕ ਰਿਪੋਰਟ ਦੇਣੀ ਹੈ।' ਸੁਣਵਾਈ ਕਰਦੇ ਦੂਸਰੇ ਜੱਜ ਜਸਟਿਸ ਹਿਮਾ ਕੋਹਲੀ ਨੇ ਕਿਹਾ, 'ਸਿਰਫ ਇੱਕ ਦੋਸ਼ੀ ਆਸ਼ੀਸ਼ ਮਿਸ਼ਰਾ ਦਾ ਫੋਨ ਜ਼ਬਤ ਕੀਤਾ ਹੈ, ਕੀ ਬਾਕੀ ਦੋਸ਼ੀ ਫੋਨ ਨਹੀਂ ਵਰਤਦੇ? ਇਸ ਉੱਤੇਉੱਤਰ ਪ੍ਰਦੇਸ਼ ਸਰਕਾਰ ਦੇ ਵਕੀਲ ਹਰੀਸ਼ ਸਾਲਵੇ ਨੇ ਕਿਹਾ, 'ਕੁਝ ਦੋਸ਼ੀ ਕਹਿੰਦੇ ਹਨ ਕਿ ਉਨ੍ਹਾਂ ਕੋਲ ਫ਼ੋਨ ਹੀ ਨਹੀਂ ਹੈ। ਅਸੀਂ ਕਾਲ ਡੀਟੇਲ ਨੂੰ ਫਿਰਮੰਗੀ ਹੈ।' ਜਸਟਿਸ ਕੋਹਲੀ ਨੇ ਕਿਹਾ, 'ਕੀ ਤੁਸੀਂ ਆਨ ਰਿਕਾਰਡ ਕਹਿੰਦੇ ਹੋ ਕਿ ਦੋਸ਼ੀਆਂ ਦੇ ਕੋਲ ਫੋਨ ਨਹੀਂ। ਏਦਾਂ ਲਗਦਾ ਹੈ ਕਿ ਇੱਕ ਦੋਸ਼ੀ ਨੂੰ ਪਹਿਲ ਦਿੱਤੀ ਜਾ ਰਹੀ ਹੈ।' ਹਰੀਸ਼ ਸਾਲਵੇ ਨੇ ਕਿਹਾ, 'ਪਿਛਲੀ ਵਾਰ ਇਸ ਕੇਸ ਵਿੱਚ ਕੁਝ ਲੋਕਾਂ ਨੇ ਦਖਲ ਦਿੱਤਾ ਤੇ ਆਪਣੇ ਕੇਸ ਵਿੱਚ ਕੋਈ ਕਾਰਵਾਈ ਨਾਂ ਹੋਣ ਦੀ ਗੱਲ ਕਹੀ ਸੀ। ਜਦੋਂ ਬਿਆਨ ਦੇਣਨੂੰ ਬੁਲਾਇਆ ਤਾਂ ਉਹ ਦੋਸ਼ੀਆਂ ਦੇ ਹੱਕ ਵਿੱਚ ਗਵਾਹੀ ਦੇਣ ਲੱਗੇ ਸੀ। ਇਸ ਲਈ ਉਨ੍ਹਾਂ ਦਾ ਬਿਆਨ ਦਰਜ ਨਹੀਂ ਕੀਤਾ ਗਿਆ।'

ਜਸਟਿਸ ਕੋਹਲੀ ਨੇ ਕਿਹਾ, 'ਤੁਸੀਂ 13 ਦੋਸ਼ੀਆਂ ਵਿੱਚੋਂ ਸਿਰਫ਼ 1 ਦਾ ਮੋਬਾਈਲ ਜ਼ਬਤ ਕੀਤਾ ਹੈ। ਰਿਪੋਰਟ ਵਿੱਚ ਕਿੱਥੇ ਦਰਜ ਹੈ ਕਿ ਬਾਕੀ ਦੋਸ਼ੀਆਂ ਨੇ ਆਪਣੇ ਫੋਨ ਸੁੱਟ ਦਿੱਤੇ?'ਹਰੀਸ਼ ਸਾਲਵੇ ਨੇ ਕਿਹਾ, 'ਇਹ ਸ਼ਾਇਦ ਨਾ ਲਿਖਿਆ ਹੋਵੇ, ਪਰ ਸਾਡੇ ਕੋਲ ਸਾਰਿਆਂ ਦੇ ਨੰਬਰ ਹਨ। ਕਾਲ ਡੀਟੇਲ ਮੰਗੇ ਗਏ ਹਨ।' ਇਸ ਤੋਂ ਬਾਅਦ ਚੀਫ ਜਸਟਿਸ ਐੱਨ ਵੀ ਰਾਮੰਨਾ ਨੇ ਕਿਹਾ, 'ਅਸੀਂ ਕਿਸਾਨ, ਪੱਤਰਕਾਰ ਤੇ ਭਾਜਪਾ ਵਰਕਰਾਂ ਤਿੰਨਾਂ ਕਤਲ ਕੇਸਾਂ ਦੀ ਜਾਂਚ ਚਾਹੁੰਦੇ ਹਾਂ।' ਜਸਟਿਸ ਸੂਰੀਆ ਕਾਂਤ ਨੇ ਕਿਹਾ, 'ਸਾਨੂੰ ਲੱਗਦਾ ਹੈ ਕਿ ਵਿਸ਼ੇਸ਼ ਜਾਂਚ ਟੀਮ (ਐੱਸ ਆਈਟੀ)ਕੇਸਾਂਦਾ ਫਰਕ ਨਹੀਂ ਕਰਦੀ। ਅਸੀਂ ਨਿਗਰਾਨੀ ਦਾ ਜ਼ਿੰਮਾ ਕਿਸੇ ਹੋਰ ਹਾਈ ਕੋਰਟ ਦੇ ਸਾਬਕਾ ਜੱਜ ਨੂੰ ਦੇਣਾ ਚਾਹੁੰਦੇ ਹਾਂ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜਜਸਟਿਸ ਰਣਜੀਤ ਸਿੰਘ ਜਾਂ ਜਸਟਿਸ ਰਾਕੇਸ਼ ਕੁਮਾਰ ਨੂੰ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ। ਇਹ ਸਾਬਕਾ ਜੱਜ ਯਕੀਨੀ ਕਰਨਗੇ ਕਿ ਤਿੰਨਾਂ ਕੇਸਾਂਵਿੱਚ ਚਾਰਜਸ਼ੀਟ ਦਾਇਰ ਕੀਤੀ ਜਾਵੇ।' ਇਸ ਉੱਤੇਹਰੀਸ਼ ਸਾਲਵੇ ਨੇ ਕਿਹਾ, 'ਮੈਨੂੰ ਇਸ ਬਾਰੇ ਨਿਰਦੇਸ਼ ਲੈਣੇ ਪੈਣਗੇ। ਜਾਂਚ ਵਿੱਚ ਪਤਾ ਲੱਗਾ ਕਿ ਪੱਤਰਕਾਰ ਕਸ਼ਯਪ ਨੂੰ ਵੀ ਗੱਡੀ ਨੇ ਕੁਚਲ ਦਿੱਤਾ ਸੀ। ਇਸ ਲਈ ਉਸ ਕੇਸ ਨੂੰ ਕਿਸਾਨਾਂ ਦੇ ਕਤਲ ਨਾਲ ਸਬੰਧਤ ਸ਼ਿਕਾਇਤ ਨਾਲ ਜੋੜਿਆ ਗਿਆ ਹੈ।'

# ਨਵਜੋਤ ਸਿੱਧੂ ਵੱਲੋਂ ਫਿਰ ਆਪਣੀ ਹੀ ਪੰਜਾਬ ਸਰਕਾਰ ਉੱਤੇ ਹਮਲਾ

*** ਬੇਅਦਬੀ ਕੇਸ ਵਿੱਚ ਡੰਗ ਟਪਾਉਣ ਦਾ ਦੋਸ਼ ਲਾਇਆ**



ਚੰਡੀਗੜ੍ਹ, 8 ਨਵੰਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਵੇਲੇ ਹੋਏ ਬੇਅਦਬੀ ਕੇਸਉੱਤੇ ਕਾਰਵਾਈ ਵਾਸਤੇਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ ਨੇ ਇੱਕ ਵਾਰ ਫਿਰ ਆਪਣੀ ਪਾਰਟੀ ਦੀ ਪੰਜਾਬ ਸਰਕਾਰ ਉੱਤੇਹਮਲਾ ਬੋਲਿਆ ਤੇ ਕਿਹਾ ਕਿ ਅਦਾਲਤ ਨੇ ਛੇ ਮਹੀਨਿਆਂ ਵਿੱਚ ਜਾਂਚ ਪੂਰੀ ਕਰਕੇ ਰਿਪੋਰਟ ਦੇਣ ਨੂੰ ਕਿਹਾ ਸੀ, ਅੱਜ ਛੇ ਮਹੀਨੇ ਇਕ ਦਿਨ ਹੋ ਗਿਆ ਹੈ, ਕਿੱਥੇ ਹੈ ਜਾਂਚ ਰਿਪੋਰਟ, ਜਾਂਚ ਪੂਰੀ ਕਿਉਂ ਨਹੀਂ ਕੀਤੀ ਗਈ?


ਨਵਜੋਤ ਸਿੰਘ ਸਿੱਧੂ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਅਤੇ ਐਡਵੋਕੇਟ ਜਨਰਲ (ਏ ਜੀ) ਦੀ ਨਿਯੁਕਤੀਬਾਰੇ ਵੀ ਕਿਹਾ ਕਿ ਇੱਕ ਜਣੇ ਨੇ ਬੇਅਦਬੀ ਕਾਂਡ ਦੇ ਦੋਸ਼ੀ ਨੂੰ ਬਲੈਂਕੇਟ ਬੇਲ ਦਿਵਾਈ ਅਤੇ ਦੂਸਰੇ ਨੇ ਬਰੀ ਕਰਵਾਇਆ ਸੀ, ਅੱਜ ਉਨ੍ਹਾਂ ਦੋਵਾਂ ਨੂੰ ਜਾਂਚ ਸੌਂਪ ਦਿੱਤੀ ਹੈ ਤਾਂ ਨਿਆਂ ਕਿੱਦਾਂਹੋ ਸਕਦਾ ਹੈ?ਉਨ੍ਹਾ ਕਿਹਾ ਕਿ ਬੇਅਦਬੀ ਕੇਸ ਵਿਚ ਦੋ ਪਰਚੇ ਹਨ, ਇੱਕ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੋਸ਼ੀ ਹੈ, ਜਿਸ ਨੂੰ ਬਲੈਂਕੇਟ ਮਿਲੀ ਹੋਈ ਹੈ, ਜਾਂਚ ਪੂਰੀ ਕਿੱਦਾਂ ਹੋ ਸਕਦੀ ਹੈ? ਉਨ੍ਹਾਂ ਕਿਹਾ ਕਿ 'ਬੇਅਦਬੀ ਕੇਸ ਉੱਤੇ ਸਿਰਫ ਡੰਗ ਟਪਾਉਣ ਦਾ ਕੰਮ ਚੱਲ ਰਿਹਾ ਹੈ, ਸੁਮੇਧ ਸੈਣੀ ਨੂੰ ਮਿਲੀ ਬਲੈਂਕੇਟ ਬੇਲ ਨੂੰ ਤੋੜਨ ਲਈਰਾਜ ਸਰਕਾਰ ਨੇ ਸਪੈਸ਼ਲ ਲੀਵ ਪਟੀਸ਼ਨ(ਐੱਸ ਐੱਲ ਪੀ) ਕਿਉਂ ਨਾ ਪਾਈ, ਸਰਕਾਰ ਨੇ ਜਿਹੜੇ ਨਵੇਂ ਵਕੀਲ ਲਾਏ ਹਨ, ਉਹ ਜਵਾਬ ਦੇਣ ਕਿ ਕੀ ਕਾਰਨ ਸੀ ਕਿ ਉਨ੍ਹਾਂ ਐੱਸ ਐੱਲ ਪੀ ਨਹੀਂ ਪਾਈ। ਐੱਸ ਐੱਲ ਪੀਪੇਸ਼ ਕਰਨ ਤੋਂ ਇਕ ਹਫ਼ਤੇ ਬਾਅਦ ਹੀ ਅਦਾਲਤ ਦੀ ਕਾਰਵਾਈ ਸ਼ੁਰੂ ਹੋ ਜਾਂਦੀ ਹੈ।'

ਇਸ ਦੌਰਾਨ ਨਸ਼ਿਆਂ ਬਾਰੇ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਦੀ ਰਿਪੋਰਟਬਾਰੇ ਫਿਰ ਆਪਣੀ ਸਰਕਾਰ ਦੇਵਿਰੁੱਧ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰ ਇਹ ਰਿਪੋਰਟ ਜਨਤਕ ਕਿਉਂ ਨਹੀਂ ਕਰਦੀ" ਸਰਕਾਰ ਨੂੰ ਕਿਸ ਦਾ ਡਰ ਹੈ, ਜਦੋਂ ਅਦਾਲਤ ਨੂੰ ਕੋਈ ਦਿੱਕਤ ਨਹੀਂ ਤਾਂ ਸਰਕਾਰ ਕਿਉਂ ਡਰਦੀ ਹੈ।ਉਨ੍ਹਾ ਕਿਹਾ ਕਿ ਉਹ ਚੰਗੇ ਕੰਮਾਂ ਦੀ ਸ਼ਲਾਘਾ ਵੀ ਕਰਦੇ ਹਨ, ਪੈਟਰੋਲ-ਡੀਜ਼ਲ ਸਸਤਾ ਹੋਇਆ ਤਾਂ ਚੰਗੀ ਗੱਲ ਹੈ, ਪਰ ਕੀ ਅਸੀਂ ਇਹ ਪੰਜ ਸਾਲ ਲਈ ਕਰ ਸਕਾਂਗੇ? ਸਭ ਤੋਂ ਪਹਿਲਾਂ ਸਰਕਾਰ ਕੋਲ ਪੈਸੇ ਕਮਾਉਣ ਦਾ ਸਾਧਨ ਹੋਣਾ ਚਾਹੀਦਾ ਹੈ।

ਨਵਜੋਤ ਸਿੰਘ ਸਿੱਧੂ ਨੇ ਕਿਹਾ:'ਮੈਂ ਸਿਆਸਤ ਵਿਚ ਕੁਰਸੀ ਲਈ ਨਹੀਂ, ਲੋਕਾਂ ਦੇ ਭਰੋਸੇਲਈ ਹਾਂ। ਪੰਜਾਬ ਦੇ ਦੋ ਵੱਡੇ ਮੁੱਦੇ ਬੇਪਰਦ ਕਰਨ ਲਈ ਸਿਆਸੀ ਤਾਕਤ ਚਾਹੀਦੀ ਹੈ। ਇਕ ਬੇਅਦਬੀ ਤੇ ਦੂਸਰਾ ਪੰਜਾਬ ਦਾ ਖਜ਼ਾਨਾ ਭਰਨ ਦਾ ਮੁੱਦਾ ਹੈ। ਇਸ ਦਾਰੋਡ ਮੈਪਹੋਣਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਜਿੰਨੀ ਪਾਵਰ ਮੇਰੇ ਕੋਲ ਹੈ, ਉਸ ਦੀ ਵਰਤੋਂ ਕਰ ਰਿਹਾ ਹਾਂ, ਲੋਕ ਆਖਦੇਹਨ ਕਿ ਸਿੱਧੂ ਮਸਲੇ ਹੱਲ ਕਰੇ, ਮਸਲੇ ਹੱਲ ਕਰਨ ਲਈ ਪ੍ਰਸ਼ਾਸਕੀ ਪਾਵਰਾਂ ਦੀ ਲੋੜ ਹੈ।'

## ਬਰਗਾੜੀ ਬੇਅਦਬੀ ਕੇਸ: ਐੱਸ.ਆਈ.ਟੀ. ਵੱਲੋਂ ਡੇਰਾ ਮੁਖੀ ਰਾਮ ਰਹੀਮ ਤੋਂ ਲਗਾਤਾਰ ਸਾਢੇ 7 ਘੰਟੇ ਪੁੱਛਗਿੱਛ

*** ਰਿਪੋਰਟ 12 ਨਵੰਬਰ ਨੂੰ ਹਾਈ ਕੋਰਟ ਵਿੱਚ ਪੇਸ਼ ਹੋਵੇਗੀ**



ਫਰੀਦਕੋਟ, 8 ਨਵੰਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ 2015 ਵਿੱਚ ਹੋਏ ਬੇਅਦਬੀ ਕੇਸਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਅੱਜ ਹਰਿਆਣਾ ਦੇ ਰੋਹਤਕ ਜ਼ਿਲੇ ਵਾਲੀ ਸੁਨਾਰੀਆ ਜੇਲ੍ਹ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਸਿੰਘ ਤੋਂ ਲਗਾਤਾਰ ਸਾਢੇ 7 ਘੰਟੇ ਪੁੱਛਗਿੱਛ ਕੀਤੀ।

ਇਸ ਸੰਬੰਧ ਵਿੱਚ ਐੱਸਆਈਟੀ ਦੇ ਮੁਖੀ ਸੁਰਿੰਦਰਪਾਲ ਸਿੰਘ ਪਰਮਾਰ ਆਈ ਜੀ ਬਾਰਡਰ ਰੇਂਜ਼ ਨੇ ਦੱਸਿਆ ਕਿ ਜਾਂਚ ਟੀਮ ਸਵੇਰੇ 10:00 ਵਜੇ ਉੱਥੇ ਪੁੱਜ ਗਈ ਤੇ 10:30 ਵਜੇ ਡੇਰਾ ਮੁਖੀ ਤੋਂ ਪੁੱਛਗਿੱਛ ਸ਼ੁਰੂ ਹੋਈ ਸੀ, ਜੋ ਸ਼ਾਮ 6:00 ਵਜੇ ਤਕ ਜਾਰੀ ਰਹੀ। ਉਨ੍ਹਾਂ ਡੇਰਾ ਮੁਖੀ ਤੋਂ ਹੋਈ ਪੁੱਛਗਿੱਛ ਦੇ ਕੁਝ ਵੇਰਵੇ ਦੇਣ ਤੋਂ ਇਨਕਾਰ ਕਰ ਕੇ ਕਿਹਾ ਕਿ ਸਾਰੀ ਰਿਪੋਰਟ 12 ਨਵੰਬਰ ਨੂੰ ਹਾਈ ਕੋਰਟ ਨੂੰਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜੇ ਸਿਰਫ ਪਾਵਨ ਸਰੂਪ ਚੋਰੀ ਹੋਣ ਦੀ ਬਾਜਾਖਾਨਾ ਥਾਣੇ ਵਿੱਚ ਦਰਜ ਹੋਈ ਸ਼ਿਕਾਇਤ ਨੰਬਰ 63 ਬਾਰੇ ਪੁੱਛਗਿੱਛ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਬੇਅਦਬੀ ਕੇਸਾਂ ਦੀ ਜਾਂਚ ਕਰਨ ਵਾਲੀ ਪਿਛਲੀ ਐੱਸਆਈਟੀ ਦੇ ਓਦੋਂ ਵਾਲੇ ਮੁਖੀ ਆਈ ਜੀ ਕੁੰਵਰਵਿਜੈ ਪ੍ਰਤਾਪ ਸਿੰਘ ਦੀ ਟੀਮ ਕੋਲ ਅਦਾਲਤੀ ਹੁਕਮ ਹੋਣ ਦੇ ਬਾਵਜੂਦ 2 ਅਪਰੈਲ 2019 ਨੂੰ ਏਸੇ ਸੁਨਾਰੀਆ ਜੇਲ ਦੇ ਅਧਿਕਾਰੀਆਂ ਨੇ ਡੇਰਾ ਮੁਖੀ ਤੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ।

## ਉੱਪ ਮੁੱਖ ਮੰਤਰੀ ਰੰਧਾਵਾ ਦਾ ਜਵਾਈ ਐਡੀਸ਼ਨਲ ਐਡਵੋਕੇਟ ਜਨਰਲ ਬਣਾ ਦਿੱਤਾ ਗਿਆ

*** ਵਿਰੋਧੀਆਂ ਨੇ ਭਾਈ-ਭਤੀਜਾਵਾਦ ਦੇ ਤਾਅਨੇ ਮਾਰੇ**



ਚੰਡੀਗੜ੍ਹ, 8 ਨਵੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਦਾ ਇੱਕ ਹੋਰ ਫੈਸਲਾ ਸਿਆਸੀ ਵਿਵਾਦ ਖੜਾ ਕਰਦਾ ਨਜ਼ਰ ਆ ਰਿਹਾ ਹੈ। ਡਿਪਟੀਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਨੂੰ ਪੰਜਾਬ ਸਰਕਾਰ ਨੇ ਐਡੀਸ਼ਨਲ ਐਡਵੋਕੇਟ ਜਨਰਲ ਨਿਯੁਕਤ ਕਰ ਦਿੱਤਾ ਹੈ। ਰਾਜ ਸਰਕਾਰ ਦੇ ਇਸ ਫੈਸਲੇਦੇ ਨਾਲ ਵਿਰੋਧੀ ਪਾਰਟੀਆਂ ਨੇ ਇਸ ਸਰਕਾਰ ਦੇ ਖਾਸ ਅਹੁਦਿਆਂ ਉੱਤੇ ਨਿਯੁਕਤੀਆਂ ਵਿੱਚ ਭਾਈ-ਭਤੀਜਾਵਾਦ ਦੇ ਮਿਹਣੇ ਮਾਰੇ ਹਨ।

ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਐਡਵੋਕੇਟ ਤਰੁਣਵੀਰ ਸਿੰਘ ਲੇਹਲ ਨੂੰ ਇਸ ਰਾਜ ਦਾ ਐਡੀਸ਼ਨਲ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ 31 ਮਾਰਚ ਤੱਕ ਠੇਕੇ ਉੱਤੇ ਕੀਤੀ ਗਈ ਹੈ ਅਤੇ ਇਹ ਬਾਅਦਵਿੱਚਸਾਲਾਨਾ ਆਧਾਰ ਉੱਤੇ ਵਧਾਈ ਜਾ ਸਕਦੀ ਹੈ। ਡਿਪਟੀ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਦੇ ਫੈਸਲੇ ਬਾਰੇ ਕਿਹਾ ਕਿਨਿਯੁਕਤੀ ਵਿਧਾਨਕ ਸੀ। ਉਨ੍ਹਾਂ ਕਿਹਾ, 'ਇਹ ਨਿਯੁਕਤੀ ਪੰਜਾਬ ਦੇ ਐਡਵੋਕੇਟ ਜਨਰਲ ਦੀ ਸਿਫ਼ਾਰਸ਼ ਉੱਤੇ ਕੀਤੀ ਗਈ ਹੈ। ਉਸ ਕੋਲ 12 ਸਾਲਾਂ ਤੋਂ ਵੱਧ ਪ੍ਰੈਕਟਿਸ ਦਾ ਤਜਰਬਾ ਹੈਤੇ ਉਨ੍ਹਾਂ ਦੇ ਹਾਈ ਕੋਰਟ ਵਿੱਚ 500 ਤੋਂ ਵੱਧ ਕੇਸ ਚੱਲਦੇ ਹਨ।ਮੰਤਰੀ ਨੇ ਕਿਹਾ ਕਿ ਇਹ ਨਿਯੁਕਤੀ 6 ਮਹੀਨਿਆਂ ਲਈ ਠੇਕੇ ਉੱਤੇ ਕੀਤੀ ਹੈ ਤੇ ਇਹ ਕੋਈ ਪੱਕੀ ਨੌਕਰੀ ਨਹੀਂ।

ਵਿਰੋਧੀ ਪਾਰਟੀਆਂ ਨੇ ਪੰਜਾਬ ਦੀ ਕਾਂਗਰਸ ਸਰਕਾਰ ਉੱਤੇ ਭਾਈ-ਭਤੀਜਾਵਾਦ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ ਹੈ। ਆਮ ਆਦਮੀ ਪਾਰਟੀ ਦੇ ਕੇਂਦਰ ਵੱਲੋਂ ਕੋ-ਇੰਚਾਰਜ ਰਾਘਵ ਚੱਢਾ ਨੇ ਨੌਕਰੀਆਂ ਦੇਣ ਦੇ ਕਾਂਗਰਸ ਦੇ ਚੋਣ ਵਾਅਦਿਆਂਦੀਚੋਭ ਲਾਉਂਦਿਆਂ ਕਿਹਾ ਕਿ 'ਇਹ ਸਿਰਫ਼ ਕਾਂਗਰਸੀ ਆਗੂਆਂ ਦੇ ਰਿਸ਼ਤੇਦਾਰਾਂ ਉੱਤੇ ਲਾਗੂ ਹੁੰਦਾ ਹੈ, ਪਰ ਇਹ ਇੱਕ ਮਾਮੂਲੀ ਸੁਧਾਰ ਹੈ, ਨੌਕਰੀ ਲੈਣ ਵਾਲੇ ਬਹੁਤੇ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਦੇ ਪਰਵਾਰਕ ਮੈਂਬਰ ਹਨ ਅਤੇ ਤਾਜ਼ਾ ਕੇਸ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਦਾ ਹੈ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਯਕੀਨਨ ਕੈਪਟਨ ਅਮਰਿੰਦਰ ਸਿੰਘ ਦੀ ਰਵਾਇਤ ਅੱਗੇ ਵਧਾ ਰਹੇ ਹਨ।' ਚੱਢਾ ਵਾਂਗ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ, 'ਕਾਂਗਰਸ ਆਪਣੀ ਮਰਿਆਦਾ ਅਤੇ ਵੰਸ਼ ਨੂੰ ਅੱਗੇ ਲਿਜਾਣ ਦੇ ਵਾਅਦੇ ਪੂਰੀ ਤਰ੍ਹਾਂ ਨਿਭਾ ਰਹੀ ਹੈ। ਆਮ ਆਦਮੀ ਪਾਰਟੀ ਇਸ ਮੁੱਦੇ ਨੂੰ ਵਿਧਾਨ ਸਭਾ ਵਿੱਚ ਉਠਾ ਕੇ ਸਰਕਾਰ ਤੋਂ ਜਵਾਬ ਮੰਗੇਗੀ।'

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK) Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਚੜੂੰਨੀ ਧੜੇ ਨੇ ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਆਗੂ ਨੂੰ ਫ਼ਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਐਲਾਨਿਆ

ਫ਼ਤਹਿਗੜ੍ਹ ਸਾਹਿਬ, 8 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੀਆਂ ਅਗਲੇ ਸਾਲ ਦੀਆਂ ਅਸੈਂਬਲੀ ਚੋਣਾਂ ਲਈ ਕਿਸਾਨ ਆਗੂ ਅਤੇ 'ਮਿਸ਼ਨ ਪੰਜਾਬ 2022' ਦੀ ਮੁਹਿੰਮ ਚਲਾ ਰਹੇ ਗੁਰਨਾਮ ਸਿੰਘ ਚੜੂੰਨੀ ਨੇ ਅੱਜ ਫ਼ਤਹਿਗੜ੍ਹ ਸਾਹਿਬ ਹਲਕੇ ਤੋਂ ਪਹਿਲੇ ਉਮੀਦਵਾਰ ਦੇ ਨਾਂ ਦਾ ਐਲਾਨ ਕੀਤਾ ਤਾਂ ਇਸ ਤੋਂ ਕਿਸਾਨ ਮੋਰਚੇ ਦੇ ਆਗੂ ਨਾਰਾਜ਼ ਹਨ।

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਚੜੂੰਨੀ ਨੇ ਇਸ ਕਦਮ ਦੀ ਆਲਚੋਨਾ ਕਰਦਿਆਂ ਕਿਹਾ ਕਿ ਇਹ ਮੋਰਚੇ ਨੂੰ ਨੁਕਸਾਨ ਪੁਚਾਉਣ ਦਾ ਯਤਨ ਹੈ, ਇਹ ਸਾਡੀ ਲਾਈਨ ਨਹੀਂ ਤੇ ਕਈ ਵਾਰ ਇਸ ਬਾਰੇ ਚਰਚਾ ਹੋ ਚੁੱਕੀ ਹੈ। ਜਿਹੜਾ ਇਨਸਾਨ ਆਪਣੇ ਮੋਰਚੇ ਦੀ ਗੱਲ ਮੰਨਣ ਨੂੰ ਰਾਜ਼ੀ ਨਾ ਹੋਵੇ, ਉਸ ਉੱਤੇ ਕੀ ਕਾਰਵਾਈ ਕੀਤੀ ਜਾ ਸਕਦੀ ਹੈ? ਚੜੂੰਨੀ ਨੂੰ ਪਹਿਲਾਂ ਸਸਪੈਂਡ ਕੀਤਾ ਜਾ ਚੁੱਕਾ ਹੈ।' ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰਨਾਮ ਸਿੰਘ ਚੜੂੰਨੀ ਨੇ ਜਿਸ ਵਿਅਕਤੀ ਨੂੰ ਉਮੀਦਵਾਰ ਐਲਾਨਿਆ ਹੈ, ਉਸ ਦਾ ਵੀ ਮੋਰਚੇ ਨਾਲ ਕੋਈ ਸਬੰਧ ਨਹੀਂ ਹੈ। ਇਸ ਦੌਰਾਨ ਅੱਜ ਸੋਮਵਾਰ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਨੇ ਮਿਸ਼ਨ ਪੰਜਾਬ ਹੇਠ ਫ਼ਤਹਿਗੜ੍ਹ ਸਾਹਿਬ ਤੋਂ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਕਾਂਗਰਸੀ ਆਗੂ ਰਹੇ ਸਰਬਜੀਤ ਸਿੰਘ ਮੱਖਣ ਨੂੰ ਆਪਣੇ ਧੜੇ ਦਾ ਉਮੀਦਵਾਰ ਬਣਾਇਆ ਹੈ।



ਕਾਂਗਰਸ ਨਾਲ ਸਬੰਧਾਂ ਬਾਰੇ ਸਰਬਜੀਤ ਸਿੰਘ ਮੱਖਣ ਦਾ ਕਹਿਣਾ ਹੈ ਕਿ ਉਹ ਬੜੀ ਦੇਰ ਪਹਿਲਾਂ ਕਾਂਗਰਸ ਛੱਡ ਚੁੱਕੇ ਹਨ। ਅੱਜ ਦੇਰ ਸ਼ਾਮ ਮੱਖਣ ਦੇ ਪਿੰਡ ਤਰਖਾਣ ਮਾਜਰਾ ਪੁੱਜੇ ਗੁਰਨਾਮ ਸਿੰਘ ਚੜੂੰਨੀ ਨੇ ਕਿਹਾ ਹੈ ਕਿ ਅੱਜ ਤਕ ਕਾਂਗਰਸ ਤੇ ਅਕਾਲੀ ਦਲ ਨੇ ਪੰਜਾਬ ਨੂੰ ਲੁੱਟਿਆ ਹੈ, ਇਸ ਲਈ ਕਿਸਾਨਾਂ ਤੇ ਮਜ਼ਦੂਰਾਂ ਨੂੰ ਅੱਗੇ ਆਉਣਾ ਪਵੇਗਾ।ਵਰਨਣ ਯੋਗ ਹੈ ਕਿ ਸਾਲ 2011 ਵਿਚ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੀਪਲਜ਼ ਪਾਰਟੀ ਆਫ ਪੰਜਾਬ (ਪੀਪੀਪੀ) ਬਣਾਉਣ ਵੇਲੇ ਸਰਬਜੀਤ ਸਿੰਘਮੱਖਣ ਅਕਾਲੀ ਦਲ ਵੱਲੋਂ ਮਾਰਕੀਟ ਕਮੇਟੀ ਸਰਹਿੰਦ ਦੇ ਚੇਅਰਮੈਨ ਸਨ ਅਤੇ ਇਹ ਅਹੁਦਾ ਛੱਡ ਕੇ ਪੀਪਲਜ਼ ਪਾਰਟੀ ਵਿੱਚ ਗਏ ਸਨ, ਪਰ ਮਨਪ੍ਰੀਤ ਸਿੰਘ ਬਾਦਲ ਨੇ ਟਿਕਟ ਨਹੀਂ ਸੀਦਿੱਤੀ।ਜਦੋਂ ਮਨਪ੍ਰੀਤ ਸਿੰਘ ਪਾਰਟੀ ਸਮੇਤ ਕਾਂਗਰਸ ਵਿੱਚ ਰਲੇ ਤਾਂ ਸਰਬਜੀਤ ਸਿੰਘਮੱਖਣਫਿਰ ਉਨ੍ਹਾਂ ਨਾਲ ਗਏ ਸਨ।ਰਾਜ ਵਿੱਚ ਕਾਂਗਰਸ ਦੀ ਸਰਕਾਰ ਬਣਨ ਪਿੱਛੋਂ ਹਲਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨਾਲ ਉਨ੍ਹਾਂ ਦੀ ਬਹੁਤੀ ਨਹੀਂ ਬਣੀ ਤੇ ਇਸ ਮਗਰੋਂ ਕਿਸਾਨ ਅੰਦੋਲਨ ਸ਼ੁਰੂ ਹੋਣ ਉੱਤੇ ਉਹ ਕਿਸਾਨਾਂ ਵਿੱਚ ਜ਼ਿਆਦਾ ਸਮਾਂ ਬਿਤਾ ਰਹੇ ਸਨ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਜੇਲ ਬਰੇਕ ਕੇਸ: ਜਗਤਾਰ ਸਿੰਘ ਤਾਰਾ ਨੇ ਜੁਰਮ ਕਬੂਲਿਆ, ਜੇਲ੍ਹ ਵਿੱਚ ਗੁਜ਼ਾਰੇ ਸਮੇਂ ਨੂੰ ਕੈਦ ਕੱਟੀ ਮੰਨ ਕੇ ਕੇਸ ਖਤਮ

ਚੰਡੀਗੜ੍ਹ, 8 ਨਵੰਬਰ, (ਪੋਸਟ ਬਿਊਰੋ)- ਬੁੜੈਲ ਜੇਲ੍ਹ ਬ੍ਰੇਕ ਕੇਸਵਿੱ-ਚਅੱਜ ਜਗਤਾਰ ਸਿੰਘ ਤਾਰਾ ਦੀ ਚੰਡੀਗੜ੍ਹ ਵਿਖੇ ਪੇਸ਼ੀ ਦੌਰਾਨ ਅਦਾਲਤ ਨੇ ਉਸ ਨੂੰ ਇਸ ਕੇਸਦਾ ਦੋਸ਼ੀ ਕਰਾਰ ਦੇਦਿੱਤਾ ਹੈ। ਜਗਤਾਰ ਸਿੰਘ ਤਾਰਾ ਨੇ ਅਦਾਲਤ ਨੂੰ ਖੁਦ ਜੁਰਮ ਕਬੂਲ ਕਰ ਲਿਆ ਸੀ, ਜਿਸ ਪਿੱਛੋਂ ਅਦਾਲਤ ਨੇ ਇਹ ਫੈਸਲਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਸਾਲ 1995 ਵਿੱਚਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇਕਤਲ ਦੇ ਦੋਸ਼ ਵਿੱਚ



ਬੁੜੈਲ ਜੇਲ੍ਹ ਵਿੱਚ ਬੰਦ ਦੋਸ਼ੀ ਜਗਤਾਰ ਸਿੰਘ ਜੇਲ੍ਹ ਵਿੱਚੋਂ ਸੁਰੰਗ ਪੁੱਟ ਕੇ ਨਿਕਲ ਗਿਆ ਸੀ ਅਤੇ ਦੂਸਰੇ ਦੇਸ਼ ਤੋਂ ਉਸ ਨੂੰ ਗ੍ਰਿਫਤਾਰ ਕਰ ਕੇ ਲਿਆਂਦਾ ਗਿਆ ਸੀ। ਜਗਤਾਰ ਸਿੰਘ ਤਾਰਾ ਨੇ ਆਪਣਾ ਜੁਰਮ ਕਬੂਲ ਕਰ ਲਿਆ ਤਾਂ ਚੰਡੀਗੜ੍ਹ ਵਿੱਚ-ਸੋਮਵਾਰ ਨੂੰ ਚੀਫ ਜੁਡੀਸ਼ਲ ਮੈਜਿਸਟ੍ਰੇਟ ਅਮਨ ਇੰਦਰ ਸੰਧੂ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਏਥੇ ਜਗਤਾਰ ਸਿੰਘ ਤਾਰਾ ਨੇ ਜੱਜਦੇ ਸਾਹਮਣੇ ਕਿਹਾ ਕਿ ਉਸੇ ਨੇ ਬੁੜੈਲ ਜੇਲ੍ਹ ਵਿੱਚ ਸਾਲ 2004 ਵਿੱਚ 94 ਫੁੱਟ ਲੰਬੀ ਸੁਰੰਗ ਬਣਾਈ ਅਤੇ ਫ਼ਰਾਰ ਹੋਇਆ ਸੀ। ਉਸ ਨੇ ਜੱਜਕੋਲ ਮੰਨਿਆ ਕਿ ਇਸ ਕੰਮ ਲਈ ਉਸ ਨੂੰ ਤਿੰਨ ਸਾਲ ਲੱਗੇ ਸਨਅਤੇ ਉਸ ਨੇ ਸੁਰੰਗ ਜੇਲ੍ਹ ਵਿੱਚ ਮਿਲਣ ਵਾਲੇ ਖਾਣੇ ਦੇ ਭਾਂਡਿਆਂ ਨਾਲ ਬਣਾਈ ਸੀ।ਸਭ ਤੋਂ ਹੈਰਾਨੀ ਦੀ ਗੱਲ ਇਹ ਸੀ ਕਿ ਕਬੂਲਨਾਮੇ ਵਿੱਚਜਗਤਾਰ ਸਿੰਘ ਤਾਰਾ ਨੇ ਕਿਹਾ ਕਿ ਉਸ ਦਾ ਭਾਰਤੀ ਨਿਆਂਪਾਲਿਕਾ ਉੱਤੇ ਬਿਲਕੁਲ ਵਿਸ਼ਵਾਸ ਨਹੀਂ ਹੈ।ਉਸ ਨੇ ਕਿਹਾ ਕਿ ਉਹ ਸੱਚਾਈ ਦੇ ਰਾਹ ਉੱਤੇ ਚੱਲ ਰਿਹਾ ਸੀ। ਤਾਰਾ ਨੂੰ ਅਦਾਲਤ ਵਿੱਚਸਖ਼ਤ ਸੁਰੱਖਿਆ ਹੇਠ ਪੇਸ਼ ਕੀਤੇ ਜਾਣ ਵੇਲੇ ਵਕੀਲਾਂਅਤੇ ਪੁਲਿਸ ਨੂੰ ਛੱਡ ਕੇ ਕਿਸੇ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ। ਆਪਣੇ ਲਿਖਤੀ ਕਬੂਲਨਾਮੇ ਵਿੱਚ ਜਗਤਾਰ ਸਿੰਘ ਤਾਰਾ ਨੇ ਜੱਜ ਸਾਹਮਣੇ ਕਿਹਾ ਕਿ ਉਸ ਨੇ ਜੇਲ੍ਹ ਤੋਂ ਭੱਜਣ ਦਾ ਫ਼ੈਸਲਾ ਸੋਚ ਸਮਝ ਕੇ ਇਸ ਲਈ ਲਿਆ ਸੀ ਕਿ ਦੇਸ਼ ਦੀ ਨਿਆਂ ਪਾਲਿਕਾ ਤੋਂ ਉਨ੍ਹਾਂ ਨੂੰ ਨਿਆਂ ਦੀ ਆਸ ਨਹੀਂ ਸੀ। ਉਸ ਨੇ ਕਿਹਾ ਕਿ ਉਹ ਬਾਹਰ ਜਾ ਕੇ ਸਿੱਖ ਕੌਮ ਨਾਲ ਹੁੰਦੇ ਧੋਖੇ ਖ਼ਿਲਾਫ਼ ਕੌਮ ਦੀ ਸੇਵਾ ਕਰਨਾ ਚਾਹੁੰਦਾ ਸੀ।ਇਸ ਜੇਲ੍ਹ ਬ੍ਰੇਕ ਕੇਸਦੇ ਕੁਲ 21 ਦੋਸ਼ੀਆਂ ਵਿੱਚੋਂ ਬਰੀ ਹੋਣ ਵਾਲਿਆਂ ਵਿੱਚ ਜੇਲ੍ਹ ਦੇ ਓਦੋਂ ਦੇ ਸੁਪਰਡੈਂਟ ਡੀਐੱਸ ਰਾਣਾ, ਡਿਪਟੀ ਜੇਲ੍ਹ ਸੁਪਰਡੈਂਟ ਦਲਬੀਰ ਸਿੰਘ ਸੰਧੂ, ਸਹਾਇਕ ਜੇਲ੍ਹ ਸੁਪਰਡੈਂਟ ਵੇਦ ਮਿੱਤਲ ਅਤੇ ਪੀਐੱਸ ਰਾਣਾ, ਵਾਰਡਰ ਇੰਦਰ ਸਿੰਘ, ਹੌਲਦਾਰ ਨਿਸ਼ਾਨ ਸਿੰਘ, ਨਾਰ-ਾਇਣ ਸਿੰਘ ਚੌੜਾ, ਨੰਦ ਸਿੰਘ, ਸ਼ੇਰ ਸਿੰਘ, ਲਖਵਿੰਦਰ ਸਿੰਘ, ਗੁਰਦੀਪ ਸਿੰਘ, ਸੁਬੇਗ ਸਿੰਘ, ਗੁਰਨਾਮ ਸਿੰਘ ਅਤੇ ਐੱਸਪੀ ਸਿੰਘ ਸ਼ਾਮਲ ਸਨ। ਸਾਲ 2004 ਵਿੱਚ 21-22 ਜਨਵਰੀ ਨੂੰ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ, ਜਗਤਾਰ ਸਿੰਘ ਤਾਰਾ ਤੇ ਕਤਲ ਕੇਸਦਾ ਇਕ ਦੋਸ਼ੀ ਦੇਵੀ ਸਿੰਘ ਕਰੀਬ 94 ਫੁੱਟ ਲੰਬੀ ਸੁਰੰਗ ਪੁੱਟ ਕੇ ਫ਼ਰਾਰ ਹੋਏ ਸਨ। ਹਵਾਰਾ ਤੇ ਭਿਓਰਾ ਨੂੰ ਫ਼ਰਾਰ ਹੋਣ ਤੋਂ 2 ਸਾਲ ਬਾਅਦ ਗ੍ਰਿਫ਼ਤਾਰ ਕਰ ਲਿਆ ਸੀ, ਪਰ ਜਗਤਾਰ ਸਿੰਘ ਤਾਰਾ ਨੂੰ ਥਾਈਲੈਂਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# ਕੁੰਵਰ ਵਿਜੇ ਪ੍ਰਤਾਪ ਤੇ ਗੁਰਦੀਪ ਸਿੰਘ ਪੰਧੇਰ ਨੂੰ ਕੋਟਕਪੂਰਾ ਕੇਸ ਬਾਰੇ ਸੁਪਰੀਮ ਕੋਰਟ ਵੱਲੋਂ ਨੋਟਿਸ

ਨਵੀਂ ਦਿੱਲੀ, 8 ਨਵੰਬਰ, (ਪੋਸਟ ਬਿਊਰੋ)- ਫਰੀਦਕੋਟ ਜ਼ਿਲੇ ਦੇ ਪਿੰਡ ਬਰਗਾੜੀ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ 12 ਅਕਤੂਬਰ 2015 ਨੂੰ ਵਾਪਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਦਾ ਇਨਸਾਫ਼ ਮੰਗਦੀਆਂ ਸੰਗਤਾਂ ਉੱਤੇ ਪੁਲਸ ਵੱਲੋਂ ਗੋਲੀ ਚਲਾਉਣ ਦੇ ਕੋਟਕਪੂਰਾ ਗੋਲੀਕਾਂਡ ਕੇਸ ਬਾਰੇ ਅੱਜ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਈ ਤਾਂ ਕੋਰਟ ਨੇ ਓਦੋਂ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੇ ਮੁਖੀ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਅਤੇ ਗੁਰਦੀਪ ਸਿੰਘ ਪੰਧੇਰ ਸਮੇਤ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਐੱਸਆਈਟੀ ਜਾਂਚ ਰੱਦ ਕਰ ਦਿੱਤੀ ਸੀ, ਜਿਸ ਨੂੰ ਰਾਜ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਉਸ ਵੇਲੇ ਇਨ੍ਹਾਂ ਹੁਕਮਾਂ ਵਿੱਚ ਐੱਸਆਈਟੀ ਦੇ ਓਦੋਂ ਦੇ ਮੁਖੀ ਕੁੰਵਰ ਵਿਜੇ ਪ੍ਰਤਾਪਦੇ ਖਿਲਾਫ ਵੀ ਕਈ ਟਿੱਪਣੀਆਂ ਕੀਤੀਆਂ ਸਨ। ਉਸ ਜਾਂਚ ਰਿਪੋਰਟ ਦੇ ਰੱਦ ਹੋਣ ਤੇ ਕੁੰਵਰਵਿਜੈ ਪ੍ਰਤਾਪ ਸਿੰਘ ਉੱਤੇ ਅਦਾਲਤ ਵੱਲੋਂ ਕੀਤੀਆਂ ਟਿੱਪਣੀਆਂ ਤੋਂ ਬਾਅਦ ਅਕਾਲੀ ਦਲ ਦੇ ਆਗੂਆਂ



ਵੱਲੋਂ ਮਨਾਈ ਖ਼ੁਸ਼ੀ ਦੀਆਂ ਖ਼ਬਰਾਂ ਨੇ ਪੰਥਕ ਹਲਕਿਆਂ ਵਿੱਚ ਤਰਥੱਲੀ ਮਚਾ ਦਿੱਤੀ ਸੀ।

ਉਸ ਤੋਂ ਪਹਿਲਾਂ ਕੁੰਵਰਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਐੱਸਆਈਟੀ ਨੇ ਦਾਅਵਾ ਕੀਤਾ ਸੀ ਕਿ ਜਾਂਚ ਪੂਰੀ ਕਰ ਕੇ 9 ਚਲਾਨ ਪੇਸ਼ ਕੀਤੇ ਜਾ ਚੁੱਕੇ ਹਨ ਤੇ ਸਿਰਫ਼ 10ਵਾਂ ਚਲਾਨ ਬਾਕੀ ਹੈ, ਪਰ ਓਦੋਂਹਾਈ ਕੋਰਟ ਵੱਲੋਂ ਜਾਂਚ ਰਿਪੋਰਟ ਰੱਦ ਕਰਨ ਅਤੇ ਐੱਸਆਈਟੀ ਰੱਦ ਕਰ ਦੇਣ ਅਤੇ ਕੁੰਵਰਵਿਜੈ ਪ੍ਰਤਾਪ ਸਿੰਘ ਨੂੰ ਐੱਸਆਈਟੀ ਤੋਂ ਲਾਂਭੇ ਕਰਨ ਦੇ ਹੁਕਮਾਂ ਨੇ ਪੀੜਤ ਪਰਿਵਾਰਾਂ, ਚਸ਼ਮਦੀਦ ਗਵਾਹਾਂ ਤੇ ਸਿੱਖ ਸੰਗਤ ਨੂੰ ਨਿਰਾਸ਼ ਕਰ ਦਿੱਤਾ ਸੀ।ਓਸੇ ਕੋਟਕਪੂਰਾ ਗੋਲੀਕਾਂਡ ਦੀ ਸੁਣਵਾਈ ਸੁਪਰੀਮ ਕੋਰਟ ਵਿੱਚ ਦੁਬਾਰਾ ਸ਼ੁਰੂ ਹੋਣ ਨਾਲ ਏਥੇ ਬਾਦਲ ਦਲ ਦੇ ਆਗੂਆਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਹੋਣ ਦੇ ਆਸਾਰ ਪੈਦਾ ਹੋ ਗਏ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ੧ਓ ਸਤਿਗੁਰ ਪ੍ਰਸਾਦਿ॥ ਸਲੋਕ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥



ਕਰਨੈਲ ਸਿੰਘ

੧ਓ ਸਤਿਗੁਰ ਪ੍ਰਸਾਦਿ॥

ਸਲੋਕ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥

ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

(ਪੰਨਾ ੨੬੫॥)

ਅਰਥ: ਬਹੁਤ ਸਾਰੇ ਸਾਸਤਰਾਂ ਨੂੰ ਪੜ੍ਹਿਆ ਹੈ ਅਤੇ ਬਹੁਤੀਆਂ ਸਿਮ੍ਰਿਤੀਆਂ ਨੂੰ ਵੀ ਪੜ੍ਹਿਆ ਹੈ ਅਤੇ ਬਹੁਤ ਸਾਰੇ ਗ੍ਰੰਥਾ ਨੂੰ ਵੀ ਪੱੜਕੇ=ਖੋਜਕੇ ਦੇਖਿਆ ਹੈ, ਪੰਚਮਾ ਗੁਰੂ ਜੀ ਕਥਨ ਕਰਦੇ ਹਨ:- ਹਰੀ ਦੇ ਨਾਮ ਦੇ ਬਰਾਬਰ ਕਿਸੇ ਗ੍ਰੰਥ ਦਾ ਪਾਠ ਨਹੀਂ ਪੂਜਦਾ। ਹਰੀ ਦਾ ਨਾਮ ਸਾਰੇ ਗ੍ਰੰਥਾਂ ਤੋਂ ਅਮੋਲਕ ਹੈ, ਸੋਲਾ ਚਾਂਦੀ ਦੇ ਕੇ ਜਾਂ ਲਖਾਂ ਡਾਲਰ ਦੇਕੇ ਨਾਮ ਨਹੀਂ ਮਿਲਦਾ। ਗੁਰਮੁਖਾਂ ਦੁਆਰਾ ਮਿਲਦਾ ਹੈ, ਪੂਰਨ ਪੁਰਖਾ ਤੋਂ।

ਤਥਾ: ਨਾਮ ਤੁਲਿ ਕਿਛੁ ਅਵਰ ਨਾ ਹੋਇ॥

ਨਾਨਕ ਗੁਰਮੁਖਿ ਨਾਮ ਪਾਵੈ ਜਨ ਕੋਇ॥

(ਪੰਨਾ ੨੬੫)

ਅਰਥ: ਨਾਮ ਦੇ ਬਰਾਬਰ ਦੁਨੀਆਂ ਦੀ ਕੋਈ ਚੀਜ਼ ਨਹੀਂ ਪੁਜਦੀ। ਕੋਈ ਵਿਰਲਾ ਹੀ ਗੁਰਮੁਖਿ=ਭਾਵ ਪੂਰਨ ਪੁਰਖਾਂ ਦੁਆਰਾ ਲਾਮ ਸੁਣ ਕੇ ਪ੍ਰਾਪਤਿ ਕਰਦਾ ਹੈ। ਫੇਰ ਉਸਦਾ ਸਿਮਰਨ ਕਰਦਾ ਹੈ ਦਿਨ ਰਾਤਿ।

ਤਥਾ: ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਆਏ॥ਮ:੪॥

(ਪੰਨਾ ੮੯)

ਅਰਥ: ਸਾਰਿਆਂ ਸਾਧਨਾਂ ਤੋਂ ਵੱਡਾ ਸਾਧਨ ਨਾਮ ਦਾ ਅਰਾਧਨ ਹੈ। ਪ੍ਰਭੂ ਨੇਂ ਸਾਰਿਆਂ ਲੋਕਾਂ ਨੂੰ ਨਾਮ ਅਰਾਧਨ ਵਾਲੇ ਅੱਗੇ ਨਿਵਾਇਆ ਹੈ।

ਤਥਾ: ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥

ਹਰਿ ਕੋ ਜਸੁ ਸੁਨਿ ਰਸਲ ਬਖਾਨੀ॥

ਅਰਥ: ਸਾਰੀਆਂ ਬਾਣੀਆਂ ਵਿਚੋਂ ਉਹ ਬਾਣੀਂ ਅੰਮ੍ਰਿਤ ਰੂਪ ਹੈ, ਜਿਹੜੀ ਨਾਮੁ ਬਾਣੀ ਗੁਰਮੁਖਿ=ਪੂਰਨ ਪੁਰਖਾਂ ਦੁਆਰਾ ਕੰਨਾ ਦੁਆਰਾ ਸੁਣਕੇ ਰਸਨਾਂ ਨਾਲ ਜਪਣੀਂ ਹੈ। ਗੁਰਬਾਣੀ ਅੰਦਰ ਗੁਰਮੁਖਾਂ ਦੁਆਰਾ ਲਿਖੀ ਹੈ। 1699 ਦੀ ਵੈਸਾਖੀ ਤੋਂ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛੱਕਕੇ ਨਾਮੁ ਸੁਣਨਾਂ ਹੈ। ਦਾਸ ਨੇਂ 16 ਮਈ 1978 ਨੂੰ ਅਕਾਲ ਤਖਤ ਤੇ ਛੱਕਿਆ ਸੀ।

ਤਥਾ: ਸਗਲ ਥਾਨ ਤੇ ਉਹ ਊਤਮ ਥਾਨੁ॥

ਨਾਨਕ ਜਿਹ ਘਟ ਵਸੈ ਹਰਿ ਨਾਮੁ॥

ਅਰਥ: ਸਾਰਿਆਂ ਅਸਥਾਨਾਂ ਵਿਚੋਂ ਉਹ ਅਸਥਾਨ ਸ੍ਰੇਸ਼ਟ ਹੈ। ਜਿਸ ਗੁਰਮੁਖਿ ਦੇ ਹਿਰਦੇ ਵਿਚ ਨਾਮ ਵਸਦਾ ਹੈ, ਭਾਵ ਸਿਮ੍ਰਿਤ ਚਲਦਾ ਹੈ।

ਤਥਾ: ਹਠ ਅਹੰਕਾਰੁ ਕਰੈ ਨਹੀਂ ਪਾਵੈ॥

ਪਾਠ ਪੜੈ ਲੇ ਲੋਕ ਸੁਣਾਵੈ॥

ਤੀਰਥ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥

ਅਰਥ: ਹਠ ਵਾਲੇ ਕੰਮ ਕਰਕੇ ਅਤੇ ਹੰਕਾਰ ਕਰਨ ਨਾਲ ਪਰਮੇਸ਼ਰ ਨਹੀਂ ਪਾਇਆ ਜਾਂਦਾ। ਧਾਰਮਕ ਗ੍ਰੰਥਾਂ ਨੂੰ ਪੜ੍ਹਕੇ ਲੋਕਾਂ ਨੂੰ ਸਣਾਕੇ, ਪੈਸੇ ਤਾਂ ਕਮਾ ਲਏਗਾ। ਪਰ ਪਾਠ ਪੜ੍ਹਕੇ ਪ੍ਰਮਾਤਮਾ ਨੂੰ ਨਹੀਂ ਮਿਲ ਸਕੇਗਾ। ਪਰਮਾਤਮਾਂ ਨੂੰ ਪਾਉਣ ਦਾ ਤਰੀਕਾ ਇਕੋ ਇਕ ਨਾਮ ਜੱਪਣਾ ਹੈ। ਗੁਰੂ ਧਾਰਨ ਕਰਕੇ। ਤੀਰਥਾਂ ਤੇ ਨਾਹ ਕੇ ਵੀ ਲਿਆਧਿ=ਜਨਮ ਅਤੇ ਮਰਨ ਦਾ ਦੁਖ ਨਹੀਂ ਮਿਟਦਾ ਅਤੇ ਸਰੀਰਕ ਰੋਗ ਵੀ ਨਹੀਂ ਮਿਟਦੇ, ਨਾਮ ਤੋਂ ਬਿਨਾਂ ਕਿਵੇਂ ਸੁੱਖ ਪਾਵੇਂਗਾ।

ਤਥਾ: ਬੇਦ ਕਤੇਬ ਸਿਮ੍ਰਿਤਿ ਸਭ ਸਾਸਤ ਇਨ੍ਹ ਪੜਿਆਂ ਮੁਕਤਿ ਨ ਹੋਈ॥

ਏਕ ਅਖਰੁ= ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥

(ਪੰਨਾ ੭੪੮)

ਅਰਥ: ਜੋ ਗੁਰਮੁਖ=ਗੁਰਾਂ ਦੁਆਰੇ ਨਾਮ ਜਪੇਗਾ, ਉਸਦੀ ਬੁੱਧੀ ਨਿਰਮਲ ਹੋ ਜਾਂਦੀ ਹੈ, ਪਾਪਾਂ ਰੂਪੀ ਮੈਲ ਨਾਮ ਜਪਕੇ ਧੋਤੀ ਜਾਂਦੀ ਹੈ।

ਤਥਾ: ਖਤ੍ਰੀ ਬ੍ਰਾਹਮਣ ਸੂਦ ਵੈਸ਼ ਉਪਦੇਸੁ ਚਹੁ ਵਰਨਾ ਕਉ ਸਾਝਾ॥੩॥

ਗੁਰਮੁਖਿ ਨਾਮ ਜਪੇ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝ॥

(ਸੂਹੀ ਮਹਲਾ ੫॥ ਪੰਨਾ ੭੪੮)

ਅਰਥ: ਜਿਹੜਾ ਪੁਰਖ ਗੁਰਮੁਖਿ ਗੁਰਾਂ ਦਆਰਾ ਨਾਮ ਜਪੇਗਾ ਉਹਨਾਂ ਦੀ ਰਸਨਾਂ ਦੁਆਰਾ ਸੁਣਕੇ ਸਿਮਰਨ ਕਰੇਗਾ ਉਹ ਸੰਸਾਰ ਸਮੁੰਦਰ ਚੋਂ ਤਰ ਜਾਇਗਾ, ਖਤ੍ਰੀ, ਬ੍ਰਾਹਮਣ, ਸੂਦ, ਵੈਸ਼, ਇਹਨਾਂ ਚੌਹਾਂ ਵਰਨਾਂ ਨੂੰ ਸਾਂਝਾ ਉਪਦੇਸੁ ਹੈ, ਜਿਹੜਾ ਆਪਣੇਂ ਗੁਰਾਂ ਦੇ ਬਚਨਾਂ ਤੇ ਪੂਰਾ ਉਤਰੇਗਾ ਉਹ ਚਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਪਾ ਲਏਗਾ।

ਨੋਟ:- ਸਾਡੇ ਸਿੱਖ ਧਰਮ ਵਿਚ ਪੰਜਾਂ ਪਿਆਰਿਆਂ ਦੁਆਰਾ ਸੁਣਿਆਂ ਜਾਂਦਾ ਹੈ। ਵਾਹਿਗੁਰੂ ਗੁਰਮੰਤ੍ਰ=ਗੁਰਉਪਦੇਸ਼, ਗੁਰਬਾਣੀ ਸਾਨੂੰ 1430 ਪੰਨਿਆਂ ਦੁਆਰਾ ਇਕ ਸ਼ਬਦ ਸਿਮਰਨ ਲਈ ਪਰੇਰਦੀ ਹੈ।

ਤਥਾ: ਕਬੀਰ ਸੁਪਨੈ ਹੂੰ ਬਰੜਾਇਕੈ ਜਿਹ ਮੁਖਿ ਨਿਕਸੈ ਰਾਮੁ॥

ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮ॥

(ਪੰਨਾ ੧੩੬੭)

ਅਰਥ: ਕਬੀਰ ਜੀ ਕਹਿੰਦੇ ਹਨ-ਜਾਗਦੇ ਸਮੇਂ ਦੀ ਗੱਲ ਤਾਂ ਵੱਖਰੀ ਹੈ। ਜੇਕਰ ਕੋਈ ਪ੍ਰਾਣੀਂ ਸੁਪਨੇਂ ਵਿਚ ਬਰੜਾਕੇ ਵੀ ਮੁਖ ਤੋਂ ਰਾਮ ਰਾਮ ਜਪੇ, ਉਹ ਗੁਰਮੁਖਿ ਰਾਮ ਰਾਮ ਜਪਣ ਵਾਲੇ ਦੇ ਚਰਨਾਂ ਵਿਚ ਮੇਰੀ ਕਬੀਰ ਦੀ ਚੱਮੜੀ ਦੀ ਜੁੱਤੀ ਪਵੇ, ਤਾਂ ਮੇਰਾ ਮਨ ਪ੍ਰਸੱਨ ਹੋਵੇਗਾ। ਭਾਈ ਗੁਰਦਾਸ ਜੀ ਕਹਿੰਦੇ ਹਨ:- ਮੇਰੀ ਖਲਹੁੰ ਮੌਜੜੇ ਗੁਰ ਸਿੱਖ ਹਢਾਂਏ।

ਮਸਤਕ ਲਗੇ ਸਾਧ ਰੇਣੁ ਵਡ ਭਾਗ ਜਿਨ੍ਹਾਂ ਦੇ ॥ਵਾਰ ੧ ਪਉੜੀ ੧੮॥

ਅਰਥ: ਭਾਈ ਸਾਹਿਬ ਜੀ ਕਹਿੰਦੇ ਹਨ:- ਜਿਨਾਂ ਵਡਭਾਗਿਆਂ ਨੇ ਪੂਰਨ ਸਾਧੂ ਦੀ ਸੇਵਾ ਕਰਕੇ, ਸਾਧੂ ਦੀ ਚਰਨ ਧੂੜੀ ਆਪਣੇਂ ਮੱਥੇ ਤੇ ਲਾਈ ਹੈ ਮੇਰੀ ਖੱਲ ਦੇ ਮੌਜੇ = ਜੁਤੀਆਂ ਬਣਕੇ ਉਨ੍ਹਾਂ ਗੁਰਸਿੱਖਾਂ ਦੇ ਚਰਨਾਂ ਵਿਚ ਪੈਣ। ਜਿਨ੍ਹਾਂ ਨੇ ਆਪ ਨਾਮ ਜਪਿਆ ਹੈ, ਉਹ ਨਾਮ ਜਪਣ ਵਾਲੇ ਤੋਂ ਕੁਰਬਾਨੁ ਹੁੰਦੇ ਹਨ। ਗੁਰੂ ਸਾਹਿਬ ਜੀ ਨੇਂ: ਗੁਰਬਾਣੀ ਦੁਆਰਾ ਸਾਨੂੰ ਗੁਰਮੁਖਾਂ ਦੁਆਰਾ ਨਾਮ ਜਪਣਾਂ ਦੱਸਿਆ। ਹੁਣ ਅੰਮ੍ਰਿਤ ਛੱਡ ਕੇ ਨਾਮ ਲੈਣਾਂ ਹੈ।

ਛਾਡਿ ਸਿਆਨਪ ਬਹੁ ਚਤਰਾਈ॥ ਸੰਤਨ ਕੀ ਮਲ ਟੇਕ ਟਕਾਈ॥

ਛਾਰੁ ਕੀ ਪੁਤਰੀ ਪਰਮਗਤਿ ਪਾਈ॥

ਨਾਨਕ ਜਾ ਕਉ ਸੰਤ ਸਹਾਈ॥

(ਮ:੫ ਪੰਨਾ ੨੫੫)

ਅਰਥ: ਆਪਣੀਂ ਸਿਆਣਪ ਛੱਡਕੇ ਸੰਤਾਂ ਦੀ ਟੇਕ ਆਸੁਰਾ ਲਿਆ ਹੈ। ਜਿਸ ਦੇ ਸਿਰ ਉੱਤੇ ਸੰਤਾ ਦਾ ਹੱਥ ਹੋਵੇ, ਸੰਤ ਉਸਦੀ ਸੇਵਾ ਭਗਤੀ ਤੇ ਖੁੱਸ਼ ਹੋਕੇ ਆਪਣੇਂ ਧੂਣੇਂ ਤੋਂ, ਇਕ ਪੁਤਲੀ=ਸੁਆਹ ਦੀ ਪੁੱੜੀ ਦੇ ਕੇ ਪਰਮਗੱਤੀ ਬਖਸ਼ ਦਿੰਦੇ ਹਨ। ਪਟਿਆਲੇ ਸਹਿਰ ਵਿਚ ਇਕ ਧਿਆਨਾਂ ਸਾਧੂ ਰਹਿੰਦਾ ਸੀ, ਧਿਆਨਾ ਜੀ ਸਤਮੀਂ ਭੂਮਿਕਾ ਵਿਚ ਸਮਾਧੀ ਵਿਚ ਰਹਿੰਦੇ ਸੀ। ਮਲ ਮੂਤਰ ਦੀ ਕੋਈ ਸੁੱਧ ਨਹੀਂ ਸੀ। ਇਕ ਅਮਲੀ ਸੇਵਾਦਾਰ ਉਨ੍ਹਾਂ ਦੇ ਮੂੰਹ ਵਿਚ ਪਾਂਦਾ ਸੀ ਅੰਨ ਪਾਣੀਂ। ਮਲ ਮੂਤਰ ਬਿਸਤਰੇ ਤੇ ਹੀ ਕਰਦੇ ਸੀ। ਰਾਜ ਘਰਾਣੇਂ ਤੋਂ ਇਕ ਬਿਸ਼ਤਰਾ ਨਮਾਂ ਹਰ ਰੋਜ਼ ਆਉਂਦਾ ਸੀ। ਪਹਿਲਾ ਬਿਸਤਰਾ ਭੰਗੀ ਲੈ ਜਾਂਦਾ ਸੀ। ਅਮਲੀ ਸੇਵਾ ਕਰਨ ਵਾਲਾ ਇਕ ਗੱਡੀ ਤੇ ਪਾਕੇ ਸਾਧੂ ਧਿਆਨਾਂ ਜੀ ਨੂੰ ਸਰਦਾਰਾਂ ਦੇ ਘਰਾਂ ਵਿਚ ਦਰਸ਼ਨ ਕਰਵਾਣ ਨੂੰ ਲੈ ਜਾਂਦਾ ਸੀ। ਸਰਦਾਰ ਲੋਕ ਬਾਬਾ ਧਿਆਨਾਂ ਜੀ ਦੇ ਚਰਨਾਂ ਤੇ ਪੈਸੇ ਰੱਖਕੇ ਮੱਥਾ ਟੇਕਦੇ ਸੀ, ਅਮਲੀ ਉਸ ਮਾਇਆ ਨਾਲ ਫੀਮ ਖਾਕੇ ਰੰਗਾਂ ਵਿਚ ਰਹਿੰਦਾ ਸੀ। ਬਹੁਤ ਸਮਾਂ ਪ੍ਰਮਾਤਮਾਂ ਵਿਚ ਸਮਾਧਿਸ਼ਟ ਹੋਕੇ ਰੰਗ ਮਾਣਦੇ ਰਹੇ ਬਾਬਾ ਜੀ, ਇਕ ਦਿਨ ਉਠਕੇ ਬੈਠ ਗਏ। ਆਪਣੇਂ ਸੇਵਕ ਅਮਲੀ ਨੂੰ ਕਿਹਾ ਪਾਣੀਂ ਲੈਕੇ ਆ ਇਸ਼ਨਾਨ ਕਰਨਾਂ। ਅਮਲੀ ਸੇਵਕ ਨੇ ਇਸ਼ਨਾਨ ਕਰਵਾਇਆ। ਸੁੰਦਰ ਬੱਸਤਰ ਪਾ ਲਏ ਨਮੇਂ, ਅਮਲੀ ਤੇ ਆਪਣੇਂ ਸੇਵਕ ਤੇ ਪ੍ਰਸੱਨ ਹੋਕੇ ਕਿਹਾ ਤੂੰ ਵੀ ਇਸ਼ਨਾਨ ਕਰਲੈ ਤੈਨੂੰ ਬੈਕੁੰਠ ਧਾਮ ਲੈ ਚਲੀਏ, ਸਵਰਗ ਲੋਕ ਵਿਚ। ਅਮਲੀ ਕਹਿੰਦਾ ਬਾਬਾ ਜੀ ਮੈਂ ਤਾਂ ਐਥੇ ਹੀ ਖੁੱਸ਼ ਹਾਂ ਫੀਮ ਖਾਕੇ ਮੌਜਾਂ ਵਿਚ ਰਹਿੰਦਾ ਹਾਂ। ਬਾਬਾ ਧਿਆਨਾਂ ਜੀ ਆਪਣੇਂ ਸਰੀਰ ਨੂੰ ਇਸ ਤਰਾਂ ਛੱਡ ਗਏ ਜਿਵੇਂ ਸੱਪ ਆਪਣੀਂ ਕੁੰਜ ਨੂੰ ਤਿਆਗ ਦਿੰਦਾ ਹੈ। ਅੱਜ ਵੀ ਅਨਾਰਦਾਨੇਂ ਚੌਂਕ ਦੇ ਪਾਸ ਉਸ ਜਗਾ ਦਾ ਨਾਮੁ=ਟੋਬਾ ਬਾਬਾ ਧਿਆਨਾਂ ਪ੍ਰਸਿੱਧ ਹੈ।

ਤਥਾ: ਸਾਧ ਕੀ ਸੋਭਾ ਸਾਧ ਬਨਿ ਆਈ॥

ਨਾਨਕ ਸਾਧ ਪ੍ਰਭ ਭੇਦੁ ਨ ਭਾਈ॥

(ਮ: ੫॥ ਪੰਨਾ ੨੭੨)

ਗੁਰਮੁਖਿ ਸਚੀ ਊਤਮ ਬਾਣੀ॥ ਗੁਰਮੁਖਿ ਸੋਚ ਸਚੁ ਵਖਾਣੀ॥

ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਆ॥੬॥

(ਮਾਰੂ ਮਹਲਾ ੧॥ ਪੰਨਾ 109)

ਅਰਥ: ਗੁਰਮੁਖਾਂ ਦੀ ਬਾਣੀ ਸੱਚੀ ਅਤੇ ਉਤਮ ਹੈ। ਗੁਰਮੁਖਿ ਜਨ ਸਦਾ ਸੱਚ ਹੀ ਬੋਲਦੇ ਹਨ। ਗੁਰਮੁਖਿ ਸਦਾ ਹੀ ਸੱਚੇ ਵਾਹਿਗੁਰੂ ਨੂੰ ਸੇਵਹਿ=ਸਿਮਰਦੇ ਹਨ ਅਤੇ ਗੁਰਮੁਖਿ ਸਰਧਾਲੂਆਂ ਨੂੰ ਭੀ ਸੱਚਾ ਉਪਦੇਸ਼ ਸੁਣਾਦੇ ਹਨ।

ਤਥਾ: ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ॥

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮ ਅਚਾਰੁ॥

(ਪੰਨਾ ੪੦੫)

ਅਰਥ: ਭਗਤੀ ਭਾਵ ਵਾਲੇ ਪ੍ਰੇਮੀ ਜਨ ਸੰਸਾਰ ਸਮੁੰਦਰ ਤੋਂ ਤਰਨ ਲਈ ਬੇਦਾਂ ਸਾਸਤਰਾਂ ਦੁਆਰੇ ਪਰਮੇਸ਼ਰ ਨੂੰ ਧਿਆਉਂਦੇ ਹਨ। ਕਰਮ ਧਰਮ ਅਨੇਕ ਤਰਾਂ ਦੇ ਕਰਦੇ ਹਨ। ਪਰ ਸਾਰਿਆਂ ਕਰਮਾਂ ਧਰਮਾਂ ਤੋਂ ਉੱਤੇ ਨਾਮੁ ਸਿਮਰਨ ਦਾ ਅਚਾਰੁ=ਕਰਤੱਬ ਹੈ॥੨॥

ਤਥਾ: ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ॥

ਨਾਮ ਕੀ ਨਾਮਨਾ ਸਪਤ ਦੀਪਾ॥੧॥

ਰਵਿਦਾਸ ਜੀ॥

(ਪੰਨਾ ੧੨੯੩)

ਅਰਥ: ਬੇਦ ਬਿਆਸ ਜੀ ਦੇ ਗ੍ਰੰਥਾਂ ਵਿਚ ਵੀ ਨਾਮ ਦੀ ਵਡਿਆਈ ਲਿਖੀ ਹੈ। ਬ੍ਰਹਮਾਂ ਜੀ ਦੇ ਪੁੱਤ੍ਰ ਸਨਕ ਦੇ ਰਚੇ ਸੰਘਤਾ ਨਾਮੀਂ ਗ੍ਰੰਥ ਵਿਚ ਨਾਮ ਦੀ ਮਹਿਮਾਂ ਲਿਖੀ ਹੈ। ਪਰਮੇਸ਼ਰੁ ਦੇ ਨਾਮ ਦੀ ਵਡਿਆਈ ਸੰਤ ਸੱਭਾ ਵਿਚ ਵੀ ਹੁੰਦੀ ਹੈ।

ਤਥਾ: ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ॥

ਅਰਥ: ਜਿਸ ਦੇ ਹਿਰਦੇ ਵਿਚ ਨਾਮ ਹੈ, ਉਹ ਪੁਰਸ਼ ਜੀਵਨ ਮੁਕਤਿ ਹੈ। ਨਾਮ ਜਪਣ ਕਰਕੇ ਉਸਨੂੰ ਸਾਰੀਆਂ ਜੁਗਤਾਂ ਪ੍ਰਾਪਤਿ ਹਨ।

ਤਥਾ: ਹਰਿ ਰੁਸ ਪੀਵਰੁ ਪੁਰਖ ਗਿਆਨੀ॥

ਸੁਣਿ ਸੁਣਿ ਮਹਾ ਤ੍ਰਿਪਤਿ ਮਨ ਪਾਵੈ ਸਾਧੂ ਅੰਮ੍ਰਿਤਿ ਬਾਨੀ॥

(ਮਹਲਾ ੫॥ ਪੰਨਾ ੬੧੧)

ਅਰਥ: ਪੂਰਿਆਂ ਸਤਿਗੁਰਾ ਦੀ ਬਾਣੀ=ਉਪਦੇਸ਼ ਅੰਮ੍ਰਿਤ ਰੂਪ ਹੈ, ਹੇ ਗਿਆਨੀ ਪੁਰਖੋ ਹਰੀ ਰਸ ਨਾਮ ਨੂੰ ਪੀਵਹੁ, ਜਿਸ ਨਾਮ ਅੰਮ੍ਰਿਤ ਬਾਣੀ ਨੂੰ ਸਾਧੂਆਂ ਪਾਸੋਂ ਸੁਣਕੇ ਮਨ ਤ੍ਰਿਪਤ ਹੁੰਦਾ ਹੈ।

ਤਥਾ: ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ॥

ਆਵਣ ਜਾਣ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ॥੨॥

(ਪੰਨਾ ੬੬੧)

ਅਰਥ: ਜਿਸ ਤੇ ਵਾਹਿਗੁਰੂ ਕ੍ਰਿਪਾਲੂ ਹੁੰਦਾ ਹੈ, ਉਸਦੇ ਹਿਰਦੇ ਵਿਚ ਨਾਮ ਬਾਣੀ ਵਸਦੀ ਹੈ।

ਹ੍ਰਿਦੈ ਕਪਟੁ ਮੁਖਿ ਗਿਆਨੀ॥ ਝੂਠੇ ਕਹਾ ਬਿਲੋਵਿਸ ਪਾਨੀ॥੧॥ ਰਹਾਉ॥

ਕਾਇਆਂ ਮਾਂਜਸਿ ਕਉਨ ਗੁਨਾ॥ ਜਉ ਘਟ ਭੀਤਰਿ ਹੈ ਮਲਨਾ॥

ਅਰਥ: ਸਰੀਰ ਨੂੰ ਤੀਰਥਾਂ ਤੇ ਇਸ਼ਨਾਨ ਕਰਾਕੇ ਕੀ ਲਾਭ ਹੋਵੇਗਾ, ਜਦੋਂ ਤੇਰੇ ਅੰਤਹਕਰਨ=ਹਿਰਦੇ ਵਿਚ ਰਾਗ ਦਵੈਸ਼ ਮੈਲ ਅਤੇ ਅਹੰਕਾਰ ਰੂਪੀ ਮੈਲ ਹੈ।

ਤਥਾ: ਨਾਨਕ ਨਵਹੁ ਘੁਥਿਆ ਹਲਤੁ ਪਲਤੁ ਸਭ ਜਾਇ॥

ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ॥

ਅਰਥ: ਪਰਮਾਤਮਾਂ ਦੇ ਨਾਮ ਤੋਂ ਭੁੱਲੇ ਹੋਏ ਦੇ ਦੋਵੇਂ ਲੋਕ ਵਿਗੜ ਜਾਂਦੇ ਹਨ। ਉਸਦਾ ਕੀਤਾ ਹੋਇਆ ਜਪੁ-ਪਾਠ ਅਤੇ ਕੀਤੀ ਹੋਈ ਸੇਵਾ ਸੰਜਮ=ਇੰਦ੍ਰੀਆਂ ਤੇ ਕੀਤਾ ਕੰਟਰੋਲ ਜਮਾਂ ਨੇਂ ਰਸਤੇ ਵਿਚ ਹਿਰਿ ਲਇਆ=ਖੋਹ ਲੈਣਾ ਹੈ। ਦਵੈਤ ਭਾਵਨਾਂ=ਜੋ ਕਿਛੁ ਭਗਤੀ ਕਰਨ ਦਾ ਕੀਤਾ ਖਾਲੀ ਡਰਾਮਾਂ ਹੀ ਕੀਤਾ। ਤਨੋ ਮਨੋ ਸ਼ਰਧਾ ਨਹੀਂ ਰੱਖੀ ਵੈਰਾਗ ਮਈ ਸੇਵਾ, ਪਾਠ ਭਗਤੀ ਨਹੀਂ ਕੀਤੀ।

ਤਥਾ: ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ॥

(ਸਲੋਕ ਮ: ੩॥ ਪੰਨਾ ੬੪੮)

ਅਰਥ: ਜਮਾਂ ਦੇ ਬੱਧੇ ਹੋਏ ਨੂੰ ਬਹੁਤ ਵੱਡੀ ਮਾਰ ਪਵੇਗੀ।

ਤਥਾ: ਮਨਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥

ਮਾਇਆ ਕਾਰਨ ਬਿਧਿਆ ਬੇਚਹੁ ਜਨਮੁ ਅਬਿਰਥਾ ਜਾਈ॥

(ਕਬੀਰ ਜੀ ਪੰਨਾ ੧੧੦੩)

ਅਰਥ: ਹੇ ਭਾਈ ਮਨਕੇ ਅੰਧੇ ਪੰਡਿਤ=ਵਿਦਵਾਨ ਤੂੰ ਆਪਣੇ ਅੰਦਰ ਵੱਸ਼ਦੇ ਪਰਮੇਸ਼ਰ ਨੂੰ ਤਾਂ ਲਭਦਾ ਹੀ ਨਹੀਂ, ਹੋਰਨਾਂ ਨੂੰ ਜੋ ਸਮਝਾਂਦਾ ਹੈਂ ਸਿਰਫ ਮਾਇਆ ਬਟੋਰਨ ਦਾ ਤੇਰਾ ਢੰਗ ਹੈ, ਤੂੰ ਵਿਦਿਆ ਨੂੰ ਬੇਚਦਾ ਹੈਂ। ਧਾਰਮਕ ਗ੍ਰੰਥਾਂ ਦੇ ਹਵਾਲੇ ਦੇਂਦਾ ਹੈਂ, ਤੇਰਾ ਜਨਮ ਬਿਰਥਾ ਹੀ ਚਲਾ ਜਾਇਗਾ। ਜਮਾਂ ਦੇ ਰਸਤੇ ਲੋਕ ਜਾਂਦੇ ਹਨ, ਤੂੰ ਕਥਾ ਵਾਚਕ ਹੋ ਕੇ ਵੀ ਜਮਾ ਦਾ ਬਦਾ ਜਾਵੇਂਗਾ।

ਹੋਈਆਂ ਭੁੱਲਾਂ ਦੀ ਮਾਫੀ ਚਾਉਂਦਾ ਹਾਂ ਜੀ।

ਕਰਨੈਲ ਸਿੰਘ ਟੋਰੰਟੋ

-416-746-7642

## ਕੈਨੇਡਾ ਵਿਚ ਬੰਦੀ ਛੋਡ ਅਤੇ ਦੀਵਾਲੀ ਬਹੁਤ ਹੀ ਧੂੰਮ-ਧਾਮ ਨਾਲ ਮਨਾਈ



ਸੁਰਜੀਤ ਸਿੰਘ ਫਲੋਰਾ

ਕੈਨੇਡਾ ਵਿਚ ਬੰਦੀ ਛੋਡ ਦਿਵਸ ਅਤੇ ਦੀਵਾਲੀ ਦਾ ਤਿਉਹਾਰ ਸਿੱਖ ਅਤੇ ਹਿੰਦੂ ਭਾਈਚਾਰੇ ਵਲੋਂ ਬਹੁਤ ਹੀ ਸ਼ਰਦਾ ਅਤੇ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਜਿਵੇਂ ਕਿ ਅਸੀਂ ਮਹਾਂਮਾਰੀ ਤੋਂ ਬਾਅਦ ਦੇ ਭਵਿੱਖ ਵੱਲ ਵਧਦੇ ਹਾਂ, ਦੀਵਾਲੀ ਦੇ ਜਸ਼ਨ ਨਿਸ਼ਚਤ ਤੌਰ 'ਤੇ ਪਿਛਲੇ ਸਾਲ ਨਾਲੋਂ ਬਹੁਤ ਵੱਖਰੇ ਦਿਖਾਈ ਦਿੱਤੇ , ਜਿਸ ਦਾ ਕਾਰਨ ਸ਼ਾਇਦ ਉਂਨਟੈਰਿਊ ਸਰਕਾਰ ਵਲੋਂ ਕੋਵਿਡ ਦੀਆਂ ਪਾਬੰਦੀਆਂ ਖ਼ਤਮ ਕਰਕੇ ਸਭ ਨੂੰ ਮਿਲਣ ਦੀ ਖੁਲ੍ਹ ਸੀ।

ਰੋਸ਼ਨੀ ਦਾ ਤਿਉਹਾਰ, ਜੋ ਹਨੇਰੇ 'ਤੇ ਰੋਸ਼ਨੀ ਦੀ ਜਿੱਤ ਨੂੰ ਦਰਸਾਉਂਦਾ ਹੈ, ਵੀਰਵਾਰ ਨੂੰ ਹਿੰਦੂਆਂ, ਸਿੱਖਾਂ, ਜੈਨੀਆਂ ਅਤੇ ਕੁਝ ਬੋਧੀਆਂ ਦੇ ਜਸ਼ਨਾਂ ਵਿੱਚ ਹਿੱਸਾ ਲਿਆਂ। ਕੋਵਿਡ 19 ਦੀਆਂ ਪਾਬੰਦੀਆਂ ਦੀ ਖੁਲ੍ਹ ਕਾਰਨ ਪਰਿਵਾਰਾਂ ਅਤੇ ਦੋਸਤਾਂ -ਮਿੱਤਰਾਂ ਵਲੋਂ ਇਕੱਠੇ ਹੋ ਕੇ ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਕੀਤਾ ਤੇ ਸੁਆਦੀ ਭੋਜਨਾਂ ਦੀ ਚੋਣ 'ਤੇ ਵੀ ਦਾਅਵਤਾਂ ਦਾ ਮਜ਼ਾ ਵੀ ਲਿਆਂ ਅਤੇ ਬੱਚਿਆਂ ਵਲੋਂ ਪਟਾਕੇ ਆਸ਼ਤਵਾਜੀਆਂ ਚਲਾ ਕੇ ਦਿਵਾਲੀ ਦੇ ਤਿਉਹਾਰ ਦਾ ਪੂਰਾ ਪੂਰਾ ਲੁਤਫ਼ ਲਿਆ।

ਹਿੰਦੂ ਭਾਈਚਾਰੇ ਵਲੋਂ ਮੰਦਰਾਂ ਵਿਚ ਜਾ ਕੇ ਦੀਵਾਲੀ ਦੇ ਦੌਰਾਨ ਲਕਸ਼ਮੀ ਜੀ ਦੀ ਪੂਜਾ ਕੀਤਾ ਗਈ। ਅਤੇ ਸਿੱਖ ਭਾਈਚਾਰੇ ਵਲੋਂ ਗੁਰੂਘਰਾ ਵਿਚ ਪਹੁੰਚ ਕੇ ਬੰਦੀ ਛੋਡ ਦਿਵਸ ਤੇ ਦੀਵੇ ਜਗਾਏ ਗਏ। ਇਸ ਦੇ ਨਾਲ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਵਲੋਂ ਵੀ ਗੁਰੂਘਰ ਬਰੈਂਪਟਨ ਵਿਚ ਪਹੁੰਚ ਕੇ ਸਿੱਖ ਭਾਈਚਾਰੇ ਨੂੰ ਦੀਵਾਲੀ ਦੀਆਂ ਵਧਾਇਆਂ ਦਿੱਤੀਆਂ ਤੇ ਇਕ ਮਿੱਠਾਇਆਂ ਦੀ ਦੁਕਾਨ ਤੇ ਪਹੁੰਚ ਕੇ ਆਪਣੇ ਬਰੈਂਪਟਨ ਦੇ ਐਮ ਪੀਜ਼ ਅਤੇ ਮਨਿਸਰਟਾਂ ਨਾਲ ਮਿੱਠਾਈ ਖੁਦ ਡੱਬੇ ਵਿਚ ਆਮ ਲੋਕਾ ਦੀ ਤਰ੍ਹਾਂ ਪਹੁੰਚ ਕੇ ਖ੍ਰੀਦੀ ਗਈ। ਇਸ ਦੇ ਨਾਲ ਹੀ ਬਰੈਂਪਟਨ ਸਾਊਥ ਤੇ ਐਮ ਪੀ ਸੋਨੀਆਂ ਸਿੱਧੂ ਵਲੋਂ ਗੁਰਦੁਆਰਾ ਨਾਨਕਸਰ ਬਰੈਂਪਟਨ ਪਹੁੰਚ ਕੇ ਦੀਵਾ ਜਗਾ ਕੇ ਸਭ ਸੰਗਤਾਂ ਨੂੰ ਬੰਦੀ ਛੋਡ ਦਿਵਸ ਦੀ ਵਧਾਈ ਦਿੱਤੀ।

ਇਸੇ ਤਰ੍ਹਾਂ ਮੇਅਰ ਜੌਹਨ ਟੋਰੀ ਟੋਰਾਂਟੋ ਵਿੱਚ ਬੀਏਪੀਐਸ ਸ਼੍ਰੀ ਸਵਾਮੀਨਾਰਾਇਣ ਮੰਦਰ ਕੰਪਲੈਕਸ ਵਿੱਚ ਦੀਵਾਲੀ ਦੇ ਜਸ਼ਨ ਵਿੱਚ ਸ਼ਾਮਿਲ ਹੋ ਕੇ ਹਿੰਦੂ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ।

ਟੋਰੀ ਨੇ ਸੰਗਤਾਂ ਨੂੰ ਸੰਬੋਧੰਨ ਹੁੰਦੇ ਹੋਏ ਕਿਹਾ ਕਿ "ਅਸੀਂ ਸਾਰਿਆਂ ਨੇ ਇਸ ਮਹਾਂਮਾਰੀ ਦੇ ਸਮੇਂ ਦੌਰਾਨ ਬਹੁਤ ਕੁਰਬਾਨੀਆਂ ਕੀਤੀਆਂ ਹਨ ਅਤੇ ਇਸ ਲਈ ਦੀਵਾਲੀ ਇੱਕ ਉਮੀਦ ਦਾ ਸਮਾਂ ਹੈ — ਇਹ ਬਿਹਤਰ ਦਿਨਾਂ ਦੀ ਉਡੀਕ ਕਰਨ ਦਾ ਹੀ ਨਿਚੋੜ ਹੈ ਕਿ ਅਸੀਂ ਅੱਜ ਸਭ ਇਕ ਵਾਰ ਫਿਰ ਤੋਂ ਇਕੱਠੇ ਹੋ ਸਕੇ ਹਾਂ।

ਇਸੇ ਤਰ੍ਹਾਂ ਬਰੈਂਪਟਨ ਵਿੱਚ - ਕਾਫ਼ੀ ਵੱਡੇ ਦੱਖਣੀ ਏਸ਼ੀਆਈ ਅਤੇ ਇੰਡੋ-ਕੈਰੇਬੀਅਨ ਭਾਈਚਾਰੇ ਰਹਿੰਦੇ ਹਨ ਬਰੈਂਪਟਨ ਕੌਂਸਲ ਵਲੋਂ ਸਭ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਮੇਅਰ ਪੈਟ੍ਰਿਕ ਬ੍ਰਾਊਨ ਨੇ ਹਰ ਸਾਲ ਦੀਵਾਲੀ ਨੂੰ ਸ਼ਹਿਰ ਦੇ ਸਭ ਤੋਂ ਮਹੱਤਵਪੂਰਨ ਜਸ਼ਨਾਂ ਵਿੱਚੋਂ ਇੱਕ ਕਿਹਾ ਅਤੇ ਭਾਈਚਾਰੇ ਨੂੰ ਮੁਬਾਰਕਬਾਦ ਦਿਤੀ।

## -ਹਲਕਾ-ਫੁਲਕਾ-

ਮਰੀਜ਼, "ਡਾਕਟਰ ਸਾਹਿਬ, ਮੈਨੂੰ ਉਹ ਦਵਾਈ ਦਿਓ, ਜਿਹੜੀ ਖਾ ਕੇ ਮੈਂ ਸ਼ੇਰ ਵਾਂਗੂੰ ਦਹਾੜਨ ਲੱਗਾਂ।"

ਡਾਕਟਰ (ਮੁਸਕਰਾ ਕੇ), "ਦਹਾੜਨਾ ਤਾਂ ਤੁਸੀਂ ਮੇਰਾ ਬਿੱਲ ਦੇਖ ਕੇ ਹੀ ਸ਼ੁਰੂ ਕਰ ਦੇਣੈ।"

*********

ਡਾਕਟਰ (ਮਰੀਜ਼ ਨੂੰ), "ਕਿਵੇਂ ਆਉਣਾ ਹੋਇਆ?"

ਮਰੀਜ਼,"ਡਾਕਟਰ ਸਾਬ੍ਹ, ਤਬੀਅਤ ਠੀਕ ਨਹੀਂ ਹੈ, ਲੀਵਰ ਵਿੱਚ ਬਹੁਤ ਦਰਦ ਹੈ।"

ਡਾਕਟਰ: 'ਸ਼ਰਾਬ ਪੀ ਲੈਂਦੇ ਹੋ?'

ਮਰੀਜ਼,'ਹਾਂ, ਪਰ ਪੈਗ ਛੋਟਾ ਹੀ ਬਣਾਉਣਾ।"

## REMEMBRANCE DAY 11th Nov

## REMEMBERED FOREVER SIKH SOLDIERS GLORIOUS HISTORY

on this memorial day 11th Nov. one of our nation most solemn and revered holi-day.we all Sikhs pause to remember those who made the ultimate sacrifices to protect and free us the rights of all people. to determine their own futures self deter-mination, free of oppression and fear. we salute them. Never forget sikh sacrifices for the freedom of Euorpe's.Uk, Asia and india.over 83 thousand sikh soldiers died and 103 thou-sand injured in both first and second world wars. sikhs recognize their sacri-fices as an important inte-gral part of their modren his-tory.during these challeng-ing times the distinct sikh identity and their tradition, values should be celebrated across the world.sikhs are fighters for freedom of oth-ers. needs much greater exposure and proper recogni-tion as part of existing com-memorations of fallen. we prey they shall not be forgot-ten where ever they are.

# Comments of British Generals regarding Sikh

These comments of British Generals regarding the Sikhs and their Turban are important and, I hope, helpful for the two Sikhs who joined the army in the USA and are fac-ing identity issues with the army. These quotes are from my book, How Europe is Indebted to the Sikhs – Role of Sikhs in Europe during WW II , Vol. II.

- Bhupinder Singh (Holland)

Lt.General Sir Reginald Savory K.G.T., C.B., D.S.O., M.C. states in a letter to Mrs.G.Scott, Scientific Section, House of Commons Library:

"... I have known Sikhs to pick bullets out of their turbans during and after battle. In fact the turban absorbs the shock of a bullet possibly rather bet-ter than a tin helmet. If the tur-ban is properly tied, it will also form an effective buffer too, for instance from a toss from a motor bicycle.

During World War 1, when the steel helmet was first introduced, we British Officers of Sikh Regiments tried to persuade our men to wear them, but they steadfast-ly refused, and have done so ever since."

A letter from Major General B.W.Key, C.B., D.S.O., M.C. to Gyani Sundar Singh Sagar states :

"... At the outbreak of World War II I was serving at A.H.Q. (Army Headquarters). Shortly after I was sent for by the C. in C. General Sir Robert Cassells. He asked me if the Sikh Regiment was prepared to wear steel helmets. I replied



Prime Minister Winston Churchill meets with Sikh soldiers during WW II Photo Courtesy IWM.London

that they had not done so in World War I, that it was con-trary to their religion, that we had never interfered with reli-gious tenets, and was it worth-while arousing strong feelings to reduce head injuries by an infinitesimal proportion? I also pointed out that the Sikh Pagri (Turban) was a very good protection in itself to head wounds.

This latter point I would emphasise as regards riding motor bicycles. There is no question that the Pagri offers greater protection than an ordinary hat or cap.

The reasons given above were accepted by the C. in C. India. Sikhs did not have to wear steel helmets, and I hope the same reasons will satisfy the Government. "

A letter from Col. H.A.Hughes, D.S.O., M.B.E., D.L., and J.P. to Gyani Sundar Singh Sagar:

"Thank you for your letter of 6th August 1975 enclosing Sir Reginald Savory's letter. May I say I entirely agree with all that the General says. I was in the 2nd Royal Battalion Sikh Regiment during the Frontier Campaign of 1936-38 on the N.W.Frontier of India.

My Regiment consisted entirely of Sikhs and of course they always wore the Khaki Safa (Turban to the uninitiat-ed!)

During World War II I com-manded the 4/16th Punjab Regiment from the battle of El Alamein to Tunis. In this bat-talion I had a company of Sikhs plus those in H.Q. Company. They all wore the Safa and I certainly had no more head wounds in this bat-talion than in any other battal-ion in which the soldiers were wearing steel helmets.

In Great Britain we claim to support religious tolerance. Why therefore should we try to force someone to do some-thing which is definitely against his religious convic-tions?

The Sikhs have fought for us in so many campaigns and laid down their lives for us - I consider that we owe them a great deal and have now a chance to repay our debts in a small way by allowing them to wear Turbans instead of crash helmets while driving motor cycles.

I give you my full support in your struggle to get exemption and wish you the best of luck. "

In "The Sikh Regiment In The Second World War " by Colonel F.T. Birdwood, O.B.E., the last words of



Sikh soldiers in Monte Cassino, Italy WW II

the foreword of this book written by General Sir Frank Messervy, K.C.S.I., K.B.E., C.B., D.S.O. state

"Finally we that live on can never forget those com-rades who, in giving their lives, gave so much that are great and good to the story of the Sikh Regiment. No living glory can tran-scend that of their supreme sacrifice. May they rest in peace.

In the last Two World Wars 83,005 turban wearing Sikh soldiers were killed and 109,045 were wound-ed. They all died or were wounded for the freedom of Britain and the World, enduring shellfire with no other protection but the turban, the symbol of their faith."

Turban vs. Helmet

In the early days of World II (1939-1945) the Sikh Regimental Center , then known as 10th Battalion the Sikh Regiment, was stationed in Nowshera (now in Pakistan), when I got enrolled in June 1940.

I recollect that Maj Gern Kilroy (who had earlier commanded its No: 4 Company as a Captain) was deputed by the Army HQ (then called General HQ) to visit the Training Center to convince and persuade the Sikh soldiers being drafted to the European War Zone, to wear helmets (even over their turbans ) to protect themselves from sustaining head injuries. The entire gathering opposed the idea. Ultimately he came for-ward with a bet that let any one soldier accompany me to the battle field where heavy shelling is going on. If that person yet refuses to wear a helmet, I will reward him with Rs. 100 and in case he then wares it, he will pay me Rs.1 only for losing the bet. ( In those days a soldiers monthly salary was Rs.16 only).

He was astounded to see that all the listeners raised their hands, in acceptance of the challenge. He left the stage with a smile and sub-mitted his findings to Army HQ, where the idea was nipped in the bud for good.

- Gurbachan Singh Bedi, Ottawa, Canada.

# ਪੰਜਾਬ ਸਰਕਾਰ ਨੇ ਦਸਵੀਂ ਤਕ ਸਾਰੇ ਸਕੂਲਾਂ ਵਿੱਚ ਪੰਜਾਬੀ ਲਾਜ਼ਮੀ ਕੀਤੀ

* ਉਲੰਘਣਾ ਕਰਨ ਵਾਲਿਆਂ ਨੂੰ ਦੋ ਲੱਖ ਤਕ ਜੁਰਮਾਨਾ ਹੋਵੇਗਾ

ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਨੂੰ ਪਹਿਲੀ ਤੋਂ ਦਸਵੀਂ ਜਮਾਤ ਤਕ ਲਾਜ਼ਮੀ ਵਿਸ਼ੇ ਵਜੋਂ ਸਖ਼ਤੀ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਨੇ 'ਪੰਜਾਬੀ ਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਬਾਰੇ ਪੰਜਾਬ ਐਕਟ-2008' ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੀ ਉਲੰਘਣਾ ਕਰਨ ਦੇ ਲਈ ਜੁਰਮਾਨਾ ਰਾਸ਼ੀ 25,000, 50,000 ਤੇ ਇੱਕ ਲੱਖ ਤੋਂ ਵਧਾ ਕੇ ਕ੍ਰਮਵਾਰ 50,000 ਤੇ ਇੱਕ ਲੱਖ ਰੁਪਏ ਤੋਂ ਦੋ ਲੱਖ ਰੁਪਏ ਹੋ ਜਾਵੇਗੀ ਤਾਂ ਕਿ ਸਖਤੀ ਨਾਲ ਫੈਸਲਾ ਲਾਗੂ ਕੀਤਾ ਜਾ ਸਕੇ।



ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਮੁਤਾਬਕ ਜਿਹੜਾ ਵੀ ਸਕੂਲ ਐਕਟ ਦੇ ਨਿਯਮਾਂ ਦੀ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਪਹਿਲੀ ਵਾਰ ਉਲੰਘਣਾ ਕਰੇਗਾ, ਉਹ 50 ਹਜ਼ਾਰ ਰੁਪਏ ਜੁਰਮਾਨੇ ਦਾ ਭਾਗੀ ਹੋਵੇਗਾ। ਜੇ ਅਜਿਹਾ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਦੂਜੀ ਵਾਰ ਉਲੰਘਣਾ ਕਰੇਗਾ ਤਾਂ ਉਹ ਇੱਕ ਲੱਖ ਰੁਪਏ ਜੁਰਮਾਨੇ ਭਾਗੀ ਹੋਵੇਗਾ ਤੇ ਜੇ ਅਜਿਹਾ ਸਕੂਲ ਐਕਟ ਦੇ ਪ੍ਰਬੰਧਾਂ ਤੇ ਇਸ ਅਧੀਨ ਬਣਾਏ ਨਿਯਮਾਂ ਦੀ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਤੀਜੀ ਵਾਰ ਉਲੰਘਣਾ ਕਰੇਗਾ ਤਾਂ ਉਸ ਨੂੰ ਦੋ ਲੱਖ ਰੁਪਏ ਜੁਰਮਾਨਾ ਲੱਗੇਗਾ। ਇਸੇ ਤਰ੍ਹਾਂ ਧਾਰਾ ਅੱਠ ਅਧੀਨ ਉਪ-ਧਾਰਾ 1-ਏ ਸ਼ਾਮਲ ਕੀਤੀ ਗਈ ਹੈ, ਜਿਸ ਮੁਤਾਬਕ ਸੂਬਾ ਸਰਕਾਰ ਜਿਥੇ ਵੀ ਮਹਿਸੂਸ ਕਰੇ ਕਿ ਅਜਿਹੇ ਕੀਤਾ ਜਾਣਾ ਲੋੜੀਂਦਾ ਤੇ ਵਿਹਾਰਿਕ ਹੈ ਤਾਂ ਲਿਖਤੀ ਰੂਪ ਵਿੱਚ ਕਾਰਨ ਸਪੱਸ਼ਟ ਕਰਕੇ ਸੂਬਾ ਸਰਕਾਰ ਸਰਕਾਰੀ ਗਜਟ ਵਿੱਚ ਨੋਟੀਫਿਕੇਸ਼ਨ ਜਾਰੀ ਕਰਕੇ ਐਕਟ ਦੀ ਧਾਰਾ ਅੱਠ ਦੀ ਉਪ ਧਾਰਾ 1 ਅਧੀਨ ਨਿਰਧਾਰਤ ਕੀਤੇ ਜੁਰਮਾਨਿਆਂ ਨੂੰ ਵਧਾ ਜਾਂ ਘਟਾ ਸਕਦੀ ਹੈ।


ਇਸੇ ਤਰ੍ਹਾਂ ਐਕਟ ਦੀ ਧਾਰਾ 2 ਦੀ ਕਲਾਜ਼ (ਈ) ਵਿੱਚ ਸਕੂਲ ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ ਕਿ ਸਕੂਲ ਦਾ ਅਰਥ ਕੋਈ ਵੀ ਪ੍ਰਾਇਮਰੀ ਸਕੂਲ, ਮਿਡਲ ਸਕੂਲ, ਹਾਈ ਸਕੂਲ ਤੇ ਸੀਨੀਅਰ ਸੈਕੰਡਰੀ ਸਕੂਲ ਹੈ, ਜਿਸ ਨੂੰ ਰਾਜ ਸਰਕਾਰ ਜਾਂ ਸਥਾਨਕ ਸੰਸਥਾ ਜਾਂ ਪੰਚਾਇਤ, ਸੁਸਾਇਟੀ ਜਾਂ ਟਰੱਸਟ ਵੱਲੋਂ ਚਲਾਇਆ ਅਤੇ ਸੰਭਾਲਿਆ ਜਾਂਦਾ ਹੋਵੇ ਜਾਂ ਅਜਿਹੇ ਸਕੂਲ ਜਿਹੜੇ ਰਾਜ ਸਰਕਾਰ ਵੱਲੋਂ ਸਮੇਂ-ਸਮੇਂ ਉੱਤੇ ਨੋਟੀਫਾਈ ਕੀਤੇ ਜਾਣ। ਇਹ ਦੱਸਿਆ ਗਿਆ ਹੈ ਕਿ ਇਸ ਪਰਿਭਾਸ਼ਾ ਦੀ ਪੈਰਵੀ ਵਿੱਚ ਸੂਬਾ ਸਰਕਾਰ ਵੱਲੋਂ ਨੋਟੀਫਿਕੇਸ਼ਨ 22 ਮਾਰਚ 2010 ਰਾਹੀਂ ਪਹਿਲਾਂ ਹੀ ਕੇਂਦਰੀ ਵਿਦਿਆਲੇ, ਨਵੋਦਿਆ ਵਿਦਿਆਲੇ ਤੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਤੇ ਇੰਡੀਅਨ ਕੌਂਸਲ ਆਫ ਸੈਕੰਡਰੀ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਸਕੂਲਾਂ ਨੂੰ ਇਸ ਐਕਟ ਦੇ ਮੰਤਵ ਲਈ ਨੋਟੀਫਾਈ ਕੀਤਾ ਹੋਇਆ ਹੈ। ਸਮਾਂ ਬੀਤਣ ਨਾਲ ਇਹ ਮਹਿਸੂਸ ਕੀਤਾ ਗਿਆ ਕਿ ਮਿਥਿਆ ਗਿਆ ਜੁਰਮਾਨਾ ਘੱਟ ਹੈ। ਇਸ ਲਈ ਜਿਨ੍ਹਾਂ ਮਨੋਰਥਾਂ ਨਾਲ ਇਹ ਐਕਟ ਲਾਗੂ ਕੀਤਾ ਗਿਆ ਸੀ, ਉਨ੍ਹਾਂ ਦੀ ਪ੍ਰਾਪਤੀ ਲਈ ਤੇ ਐਕਟ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਐਕਟ ਦੀ ਧਾਰਾ ਅੱਠ ਦੀ ਉਪ ਧਾਰਾ-1 ਵਿੱਚ ਨਿਰਧਾਰਤ ਕੀਤੇ ਜੁਰਮਾਨਿਆਂ ਨੂੰ ਵਧਾਉਣ ਦੀ ਲੋੜ ਬਣ ਗਈ ਹੈ।

## ਸਾਬਕਾ ਰੇਲਵੇ ਮੁਲਾਜ਼ਮ ਦੇ ਘਰ ਅੱਗ ਲੱਗੀ, ਸਾਮਾਨ ਤੇ ਰਕਮ ਸੜੀ

ਜਲੰਧਰ, 8 ਨਵੰਬਰ (ਪੋਸਟ ਬਿਊਰੋ)- ਦੇਹਾਤ ਪੁਲਸ ਦੇ ਥਾਣਾ ਪਤਾਰਾ ਹੇਠਲੇ ਪਿੰਡ ਭੋਜੋਵਾਲ ਵਿੱਚ ਸਾਬਕਾ ਰੇਲਵੇ ਕਰਮਚਾਰੀ ਦੇ ਘਰ ਲੱਗੀ ਅੱਗ ਨਾਲ ਪੂਰਾ ਸਾਮਾਨ ਤੇ ਕਰੀਬ 30 ਹਜ਼ਾਰ ਦੀ ਨਕਦੀ ਸੜ ਗਈ।



ਪੀੜਤ ਕੁਲਵਿੰਦਰ ਕੌਰ ਨੇ ਦੱਸਿਆ ਕਿ ਉਸਦੇ ਪਤੀ ਦੀ ਮੌਤ ਹੋ ਚੁੱਕੀ ਹੈ ਤੇ ਉਹ ਆਪਣੇ 12 ਸਾਲ ਦੇ ਬੇਟੇ ਦੇ ਨਾਲ ਪਿਤਾ ਜਮਨਾ ਦਾਸ ਦੇ ਘਰ ਵਿੱਚ ਪਿੰਡ ਭੋਜੋਵਾਲ ਵਿਖੇ ਰਹਿੰਦੀ ਹੈ। ਉਸ ਨੇ ਦੱਸਿਆ ਕਿ ਨੌਕਰੀ ਦੇ ਦੌਰਾਨ ਉਸਦੇ ਪਿਤਾ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ ਸੀ। ਉਹ ਆਪਣੇ ਪੇਕੇ ਘਰ ਰਹਿ ਕੇ ਪਿਤਾ ਦੀ ਸੰਭਾਲ ਕਰਦੀ ਹੈ। ਦੀਵਾਲੀ ਦੀ ਰਾਤ ਉਨ੍ਹਾਂ ਦੇ ਘਰ ਵਿੱਚ ਅਚਾਨਕ ਅੱਗ ਲੱਗ ਗਈ, ਜਿਸ ਦਾ ਉਨ੍ਹਾਂ ਨੂੰ ਸਵੇਰੇ ਪਤਾ ਲੱਗਾ। ਸਵੇਰ ਸਮੇਂ ਵੀ ਸਾਮਾਨ ਨੂੰ ਅੱਗ ਲੱਗੀ ਹੋਈ ਸੀ। ਪਾਣੀ ਨਾਲ ਉਨ੍ਹਾਂ ਨੇ ਖੁਦ ਅੱਗ ਉੱਤੇ ਕਾਬੂ ਪਾਇਆ ਤੇ ਪਿੰਡ ਦੇ ਸਰਪੰਚ ਗਰੀਬ ਦਾਸ ਨੂੰ ਵੀ ਸੂਚਨਾ ਦਿੱਤੀ। ਉਸ ਨੇ ਦਸਿਆ ਕਿ ਜਦੋਂ ਉਹ ਰਾਤ ਨੂੰ ਸੁੱਤੇ ਸੀ ਤਾਂ ਘਰ ਵਿੱਚ ਕੋਈ ਦੀਵਾ, ਮੋਮਬੱਤੀ ਤੇ ਅਗਰਬੱਤੀ ਵੀ ਨਹੀਂ ਜਲ ਰਹੀ ਸੀ। ਕੁਲਵਿੰਦਰ ਕੌਰ ਨੇ ਕਿਹਾ ਕਿ ਘਰ ਦੀ ਰਿਪੇਅਰ ਲਈ ਰੱਖੇ ਪੈਸੇ ਸੜ ਗਏ। ਉਸ ਨੇ ਕਿਹਾ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀਂ, ਜਿਸ ਬਾਰੇ ਕਿਸੇ ਉੱਤੇ ਕੋਈ ਸ਼ੱਕ ਕੀਤਾ ਜਾ ਸਕੇ।




# ਸਾਡੇ ਉੱਤੇ ਕੇਸ ਪਾਉਣ ਲਈ ਡੀ ਜੀ ਪੀ ਸਹੋਤਾ ਉੱਪਰ ਮੁੱਖ ਮੰਤਰੀ ਚੰਨੀ ਦਬਾਅ ਪਾ ਰਿਹੈ: ਸੁਖਬੀਰ

ਫਗਵਾੜਾ, 8 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਕੋਟਕਪੂਰਾ ਗੋਲੀਕਾਂਡ ਕੇਸ ਵਿੱਚ ਹਾਈ ਕੋਰਟ ਦੇ ਕਹਿਣ ਉੱਤੇ ਬਣਾਈ ਵਿਸ਼ੇਸ਼ ਜਾਂਚ ਟੀਮ 'ਐੱਸ ਆਈ ਟੀ' ਨਾਲ ਰੋਜ਼ ਮੀਟਿੰਗ ਕਰਦੇ ਹਨ, ਇਸ ਦਾ ਮਕਸਦ ਜਾਂਚ ਨੂੰ ਅਕਾਲੀ ਲੀਡਰਸ਼ਿਪ ਦੇ ਖਿਲਾਫ ਕੇਸ ਪਾਉਣ ਵੱਲਮੋੜਨਾ ਹੈ।



ਇੱਥੇ ਪ੍ਰੈਸ ਕਾਨਫਰੰਸ ਵਿੱਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਐੱਸ ਆਈ ਟੀਅਫਸਰਾਂ ਨੂੰ ਕਿਹਾ ਜਾ ਰਿਹਾ ਹੈ ਕਿ ਇਸ ਕੇਸ ਵਿੱਚ ਅਕਾਲੀ ਲੀਡਰਸ਼ਿਪ ਨੂੰ ਫਸਾ ਦੇਣ। ਇਸ ਤੋਂ ਇਲਾਵਾ ਬਾਦਲ ਪਰਵਾਰ ਦੇ ਖਿਲਾਫ ਝੂਠੇ ਬਿਆਨ ਦਰਜ ਕਰਨ ਲਈ ਕਿਹਾ ਜਾ ਰਿਹਾ ਹੈ। ਉਨ੍ਹਾ ਕਿਹਾ, ''ਮੇਰੇ ਕੋਲ ਪੱਕੀ ਸੂਚਨਾ ਹੈ ਕਿ ਡੀ ਜੀ ਪੀ ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਕਿਹਾ ਗਿਆ ਹੈ ਕਿ ਅਜਿਹੇ ਲੋਕਾਂ ਦੀ ਪਛਾਣ ਕੀਤੀ ਜਾਵੇ, ਜੋ ਇਸ ਕੇਸ ਵਿੱਚ ਅਕਾਲੀ ਲੀਡਰਸ਼ਿਪ ਨੂੰ ਫਸਾ ਸਕਣ।'' ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਵੀ ਕੈਪਟਨ ਅਮਰਿੰਦਰ ਸਿੰਘ ਦੇ ਰਾਹਤੁਰ ਰਹੇ ਹਨ, ਜਿਸ ਤੋਂ ਲੱਗਦਾ ਹੈ ਕਿ ਸਿੱਖ ਸੰਗਤ ਨੂੰ ਇਨਸਾਫ ਦੇਣਾ ਉਨ੍ਹਾਂ ਦੀ ਪਹਿਲ ਨਹੀਂ ਹੈ। ਉਨ੍ਹਾਂ ਕਾਂਗਰਸ ਉੱਤੇ ਬੇਅਦਬੀ ਜਿਹੇ ਗੰਭੀਰ ਮੁੱਦੇ ਉੱਤੇ ਸਿਆਸਤ ਕਰਨ ਦੇ ਵੀ ਦੋਸ਼ ਲਾਏ। ਇਸ ਮੌਕੇ ਉਨ੍ਹਾ ਨੇ ਵਾਅਦਾ ਕੀਤਾ ਕਿ ਸੂਬੇ ਵਿੱਚ ਅਕਾਲੀ ਦਲ ਸਰਕਾਰ ਬਣਨਦੇ ਬਾਅਦ ਉਨ੍ਹਾਂ ਦਾ ਇਸ ਕੇਸ ਵਿੱਚ ਨਿਆਂ ਯਕੀਨੀ ਬਣਾਉਣਾ ਦ੍ਰਿੜ੍ਹ ਸੰਕਲਪ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ, ''ਮੈਂ ਪਹਿਲਾਂ ਵੀ ਸਿੱਖ ਸੰਗਤ ਤੋਂ ਮੁਆਫੀ ਮੰਗੀ ਹੈ ਅਤੇ ਫਿਰ ਵੀ ਮੰਗਾਂਗਾ। ਇਹ ਇਸ ਲਈ ਕੀਤਾ ਕਿ ਕਾਂਗਰਸ ਨੇ ਉਨ੍ਹਾਂ ਉੱਤੇਕੇਸ ਦੀ ਜਾਂਚ ਸੀ ਬੀ ਆਈ ਦੇ ਹਵਾਲੇ ਕਰਨ ਦਾ ਦਬਾਅ ਪਾਇਆ ਸੀ। ਸਰਕਾਰ ਬਦਲਣ ਪਿੱਛੋਂ ਕਾਂਗਰਸ ਸਰਕਾਰ ਨੇ ਕੇਸ ਸੀ ਬੀ ਆਈ ਤੋਂ ਵਾਪਸ ਲੈ ਲਿਆ, ਜਿਸ ਕਾਰਨ ਇਨਸਾਫ ਮਿਲਣ ਵਿੱਚ ਬੇਲੋੜੀ ਦੇਰੀ ਹੋ ਗਈ।''ਉਨ੍ਹਾਂ ਕਿਹਾ ਕਿ ਅਕਾਲੀ-ਬਸਪਾ ਸਰਕਾਰ ਦੇ ਰਾਜ ਵਿੱਚ ਨਾ ਸਿਰਫ ਇਸ ਕੇਸ ਦੀ ਜਾਂਚ ਹੋਵੇਗੀ,ਸਗੋਂ ਕਸੂਰਵਾਰਾਂ ਨੂੰ ਸਜ਼ਾ ਵੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਦੀ ਕੋਠੀ ਘੇਰਨ ਦਾ ਮਾਮਲਾ:

## ਬਿਕਰਮ ਸਿੰਘ ਮਜੀਠੀਆ ਸਮੇਤ 23 ਜਣਿਆਂ ਖ਼ਿਲਾਫ਼ ਕੇਸ ਦਰਜ

ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਮਹਿੰਗਾਈ ਅਤੇ ਸਾਲ 1984 ਦੇ ਦੰਗਿਆਂ ਦੇ ਵਿਰੁੱਧ ਅਕਾਲੀ ਦਲ ਬਾਦਲ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੋਠੀ ਦੇ ਘਿਰਾਓ ਦੌਰਾਨ ਹੰਗਾਮਾ ਕਰਨ ਉੱਤੇਚੰਡੀਗੜ੍ਹ ਦੇ ਸੈਕਟਰ-3 ਦੀ ਥਾਣਾ ਪੁਲਸ ਨੇ ਅੰਮ੍ਰਿਤਸਰ ਦੇ ਹਲਕਾ ਮਜੀਠਾ ਤੋਂ ਵਿਧਾਇਕ ਬਿਕਰਮ ਸਿੰਘ ਮਜੀਠੀਆ ਸਮੇਤ 23 ਨਾਮਜ਼ਦ ਲੋਕਾਂ ਤੋਂ ਇਲਾਵਾ ਹੋਰ ਵਰਕਰਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।



ਪੁਲਸ ਨੇ ਮਜੀਠੀਆ ਦੇ ਨਾਲ ਲੁਧਿਆਣਾ ਦੇ ਸਾਬਕਾ ਵਿਧਾਇਕ ਮਹੇਸ਼ ਇੰਦਰ ਗਰੇਵਾਲ, ਰੂਪਨਗਰ ਦੇ ਸਾਬਕਾ ਵਿਧਾਇਕ ਦਲਜੀਤ ਸਿੰਘ ਚੀਮਾ, ਮੁਕਤਸਰ ਸਾਹਿਬ ਦੇ ਵਿਧਾਇਕ ਕੰਵਰ ਸਿੰਘ ਰੋਜ਼ੀ ਬਰਕੰਦੀ ਅਤੇਆਦਮਪੁਰ ਦੇ ਵਿਧਾਇਕ ਪਵਨ ਟੀਨੂ, ਪਟਿਆਲਾ ਦੇ ਸਾਬਕਾ ਵਿਧਾਇਕ ਸੁਰਜੀਤ ਸਿੰਘ ਰੱਖੜਾ, ਡੇਰਾਬੱਸੀ ਦੇ ਵਿਧਾਇਕ ਐਨ ਕੇ ਸ਼ਰਮਾ, ਅਨੰਦਪੁਰ ਸਾਹਿਬ ਦੇ ਸਾਬਕਾ ਐੱਮ ਪੀ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਯੂਥ ਅਕਾਲੀ ਦਲ ਦੇ ਮੁਖੀਪਰਮਬੰਸ ਸਿੰਘ ਬੰਟੀ ਰੋਮਾਣਾਅਤੇ ਹੋਰਨਾਂ ਨੂੰ ਦੋਸ਼ੀ ਬਣਾਇਆ ਹੈ। ਇੰਸਪੈਕਟਰ ਬਲਰਾਮ ਰਾਣਾ ਦੀ ਸ਼ਿਕਾਇਤ ਉੱਤੇਇਨ੍ਹਾਂਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।ਪੰਜਾਬ ਵਿੱਚ ਮਹਿੰਗਾਈ ਅਤੇ 1984 ਦੰਗਿਆਂ ਦੇ ਵਿਰੁੱਧ ਅਕਾਲੀ ਦਲ ਬਾਦਲ ਦੇ ਨੇਤਾ ਅਤੇ ਵਰਕਰ ਕੱਲ੍ਹ ਪੰਜਾਬ ਦੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਸਨ। ਚੰਡੀਗੜ੍ਹ ਪੁਲਸ ਨੇ ਸੈਕਟਰ-4 ਵਿੱਚ ਪੰਜਾਬ ਐਮ ਐੱਲ ਏ ਹੋਸਟਲਜ਼ ਕੋਲ ਬੈਰੀਕੇਡਸ ਲਾ ਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ, ਪਰ ਮਜੀਠੀਆ ਸਮੇਤ ਹੋਰ ਵਰਕਰਾਂ ਨੇ ਬੈਰੀਕੇਡਸ ਤੋੜ ਕੇ ਪੁਲਸ ਦੀ ਡਿਊਟੀ ਵਿੱਚ ਅੜਚਨ ਪਾਈ ਸੀ।

ਦਿੜਬਾ ਵਿਖੇ ਮੁੱਫਤ ਮੈਡੀਕਲ ਕੈਂਪ

## ਕਿਰਤੀ ਕਿਸਾਨ ਸ਼ੇਰੇ ਪੰਜਾਬ ਪਾਰਟੀ ਵੱਲੋਂ ਕੀਤਾ ਗਿਆ ਪ੍ਰਬੰਧ, 200 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ

ਦਿੜਬਾ 8 ਨਵੰਬਰ (ਗਿਆਨ ਸਿੰਘ)- ਅੱਜ ਦਿੜਬਾ ਵਿਖੇ ਮੁੱਫਤ 16ਵਾਂ ਮੈਡੀਕਲ ਕੈਂਪ ਕਿਰਤੀ ਕਿਸਾਨ ਸ਼ੇਰੇ ਪੰਜਾਬ ਪਾਰਟੀ ਵੱਲੋਂ ਲਾਇਆ ਗਿਆ। ਇਸ ਕੈਪ ਵਿੱਚ 200 ਤੋਂ ਵੱਧ ਮਰੀਜ਼ਾਂ ਨੇ ਚੈੱਕ ਅਪ ਕਰਵਾਇਆ ਅਤੇ ਦਵਾਈਆਂ ਲਈਆਂ। ਸੰਤ ਦਲਜੀਤ ਸਿੰਘ ਸੋਢੀ ਸਰਪ੍ਰਸਤ ਕਿਰਤੀ ਕਿਸਾਨ ਸ਼ੇਰੇ-ਪੰਜਾਬ ਪਾਰਟੀ, ਐਸ ਆਰ ਲੱਧੜ ਪ੍ਰਧਾਨ ਅਤੇ ਅਮਰਜੀਤ ਸਿੰਘ ਘੱਗਾ ਨੇ ਕੈਂਪ ਵਿੱਚ ਆਏ ਲੋਕਾਂ ਨੂੰ ਜੀ ਆਇਆ ਕਿਹਾ ਅਤੇ ਮੈਡੀਕਲ ਕੈਂਪ ਦਾ ਪੂਰਾ ਫ਼ਾਇਦਾ ਲੈਣ ਲਈ ਬੇਨਤੀ ਕੀਤੀ।
ਸ੍ਰੀ ਲੱਧੜ ਨੇ ਕਿਹਾ ਕਿ ਦਿੜਬਾ ਪੂਰੇ ਪੰਜਾਬ ਵਿੱਚ ਸਿਹਤ ਸਹੂਲਤਾਂ ਪੱਖੋਂ ਸੱਭ ਤੋਂ ਵੱਧ ਪੱਛੜਿਆ ਹੋਇਆ ਹੈ। ਇਸ ਇਲਾਕੇ ਨੂੰ ਸਰਕਾਰ ਅਤੇ ਵਿਰੋਧੀ ਧਿਰ ਦੇ ਨੇਤਾ ਨੇ ਜ਼ਬਰਦਸਤ ਅਣਗੌਲਿਆ ਕੀਤਾ ਹੋਇਆ ਹੈ। ਵਿਰੋਧੀ ਧਿਰ ਦੇ ਨੇਤਾ ਨੇ ਲੋਕਾਂ ਦੇ ਹਿੱਤ ਲਈ ਕਦੀ ਹਾਅ ਦਾ ਨਾਅਰਾ ਨਹੀਂ ਮਾਰਿਆ,ਨਾ ਹੀ ਕਦੇ ਵਿਧਾਨ ਸਭਾ ਵਿੱਚ ਆਵਾਜ ਉਠਾਈ।



ਪੂਰੇ ਹਲਕੇ ਵਿੱਚ ਦੋ ਡਾਕਟਰ ਹਨ ਤੇ ਉਹ ਵੀ ਬਾਹਰੋਂ ਆਉਂਦੇ ਹਨ। ਚਾਰ ਲੱਖ ਦੀ ਅਬਾਦੀ ਵਾਲੇ ਹਲਕੇ ਦੇ ਲੋਕ ਰਾਮ ਭਰੋਸੇ ਜੀ ਰਹੇ ਹਨ। ਐਮਰਜੈਸੀ ਵਿੱਚ ਲੋਕਾਂ ਕੋਲ ਕੋਈ ਚਾਰਾ ਨਹੀਂ ਕਿ ਉਹ ਕਿੱਥੇ ਜਾਣ। ਇਸ ਕੈਂਪ ਵਿੱਚ ਦੂਰ ਦੂਰ ਤੋਂ ਮਰੀਜ਼ਾਂ ਨੇ ਚੈੱਕ ਅਪ ਕਰਵਾਇਆਂ ਤੇ ਦਵਾਈਆਂ ਲਈਆਂ।

### ਪਨਸਪ ਦੇ ਸਾਬਕਾ ਸੀਨੀਅਰ ਵਾਈਸ ਚੇਅਰਮੈਨ ਉੱਤੇ ਅਣਪਛਾਤਿਆਂ ਨੇ ਗੋਲੀਆਂ ਚਲਾਈਆਂ

ਪੱਟੀ, 8 ਨਵੰਬਰ (ਪੋਸਟ ਬਿਊਰੋ)- ਕੱਲ੍ਹ ਤੜਕਸਾਰ ਹਰੀਕੇ ਪ੍ਰਿੰਗੜੀ ਰੋਡ ਉਪਰ ਪਨਸਪ ਪੰਜਾਬ ਦੇ ਸਾਬਕਾ ਸੀਨੀਅਰ ਵਾਈਸ ਚੇਅਰਮੈਨ ਕੁਲਦੀਪ ਸਿੰਘ ਪੰਨਗੋਟਾ ਉਪਰ ਸਕਾਰਪੀਉ ਸਵਾਰ ਤਿੰਨ ਹਥਿਆਰਬੰਦ ਅਣਪਛਾਤੇ ਵਿਅਕਤੀਆਂ ਨੇ ਉਸ ਵੇਲੇ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ ਜਦ ਉਹ ਆਪਣੀ ਇਨੋਵਾ ਗੱਡੀ ਉੱਤੇ ਤੜਕਸਾਰ ਕਰੀਬ 5.30 ਪਿੰਡ ਪਨਗੋਟਾ ਤੋਂ ਪੱਟੀ ਆ ਰਹੇ ਸਨ, ਜਿਸ ਵਿੱਚ ਉਹ ਜ਼ਖਮੀ ਹੋ ਗਏ।
ਐਸ ਆਈ ਲਖਬੀਰ ਸਿੰਘ ਥਾਣਾ ਮੁਖੀ ਸਿਟੀ ਪੱਟੀ ਨੇ ਦੱਸਿਆ ਕਿ ਜ਼ਖ਼ਮੀ ਕੁਲਦੀਪ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਪੰਨਗੋਟਾ ਨੇ ਦੱਸਿਆ ਕਿ ਉਹ ਕੱਲ੍ਹ ਕਰੀਬ ਪੰਜ ਵਜੇ ਪਿੰਡ ਪੰਨਗੋਟਾ ਵਿਖੇ ਹੋਣ ਵਾਲੇ ਬਾਬਾ ਨਾਗਾ ਦੇ ਮੇਲੇ ਬਾਰੇ ਪੱਟੀ ਮੰਡੀ ਵਿੱਚੋਂ ਸਬਜ਼ੀਆਂ ਖਰੀਦਣ ਲਈ ਆਪਣੀ ਗੱਡੀ ਉੱਤੇ ਜਾ ਰਿਹਾ ਸੀ। ਜਦ ਉਹਪ੍ਰਿੰਗੜੀ ਰੋਡ ਤੋਂ ਪੱਟੀ ਸੜਕ ਉਪਰ ਚੜ੍ਹਨ ਲੱਗਾ ਤਾਂ ਪਿੱਛੋਂ ਚਿੱਟੇ ਰੰਗ ਦੀ ਸਕਾਰਪੀਉ ਗੱਡੀ ਉੱਤੇ ਤਿੰਨ ਵਿਅਕਤੀ ਆਏ ਅਤੇਉਸ ਦੀ ਗੱਡੀ ਅੱਗੇ ਗੱਡੀ ਖੜੀ ਕਰ ਦਿੱਤੀ ਅਤੇ ਦੋ ਜਣੇ ਉਤਰ ਕੇ ਆਏ ਤੇ ਇੱਕ ਨੇ ਉਸ ਦੇ ਮੱਥੇ ਉਪਰ ਪਿਸਟਲ ਰੱਖ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਅੱਗੋਂ ਉਸ ਨੇ ਉਸ ਵਿਅਕਤੀ ਨੂੰ ਗਲ ਤੋਂ ਫੜ ਲਿਆ, ਉਸ ਦੀ ਚਲਾਈ ਗੋਲੀ ਕੰਨ ਨਾਲ ਖਹਿ ਕੇ ਗੱਡੀ ਦੇ ਸ਼ੀਸ਼ੇ ਉੱਤੇ ਜਾ ਲੱਗੀ। ਉਸ ਵਿਅਕਤੀ ਨੇ ਇੱਕ ਹੋਰ ਗੋਲੀ ਚਲਾਈ ਜੋ ਸ਼ੀਸ਼ੇ ਉੱਤੇ ਲੱਗੀ। ਜਦੋਂ ਗੱਡੀ ਭਜਾਉਣ ਲੱਗੇ ਤਾਂ ਉਸ ਨੇ ਇੱਕ ਹੋਰ ਗੋਲੀ ਚਲਾ ਦਿੱਤੀ ਜੋ ਗੱਡੀ ਦੀ ਬਾਰੀ ਵਿੱਚੋਂ ਲੰਘ ਕੇ ਸੱਜੇ ਪੱਟ ਵਿੱਚ ਲੱਗੀ, ਜਿਸ ਦਾ ਸਰਕਾਰੀ ਹਸਪਤਾਲ ਪੱਟੀ ਤੋਂ ਇਲਾਜ ਚਲ ਰਿਹਾ ਹੈ। ਕੁਲਦੀਪ ਸਿੰਘ ਪੰਨਗੋਟਾ ਦੇ ਬਿਆਨਾਂ ਉੱਤੇ ਅਣਪਛਾਤੇ ਬੰਦਿਆਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਸਰਕਾਰ ਵਿੱਰੁਧ ਕਰਾਂਗੇ ਜ਼ਬਰਦਸਤ ਤੇ ਵਿਸ਼ਾਲ ਰੈਲੀ: ਨੰਬਰਦਾਰ ਯੂਨੀਅਨ

ਜੰਡਿਆਲਾ ਗੁਰੂ, 8 ਨਵੰਬਰ ( ਕੁਲਜੀਤ ਸਿੰਘ)- ਪੰਜਾਬ ਨੰਬਰਦਾਰ ਯੂਨੀਅਨ ਸਮਰਾ ਗਰੁਪ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਦੀ ਅਗਵਾਈ ਵਿੱਚ ਹੇਠ ਲਿਖੇ ਨੰਬਰਦਾਰਾਂ ਦੀ ਇਕ ਹੰਗਾਮੀ ਮੀਟਿੰਗ ਹੋਈ। ਜਿਸ ਵਿੱਚ ਉਨਾਂ ਦੀਆਂ ਮੰਗਾਂ 5000 ਮਾਨ ਭੱਤਾ ਅਤੇ ਪੂਰੇ ਪਰਿਵਾਰ ਦਾ 5 ਲੱਖ ਨੂੰ ਪੂਰਿਆਂ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਇਹ ਵੀ ਮਤਾ ਰੱਖਿਆ ਗਿਆ ਕਿ ਹਰ ਤਹਿਸੀਲ ਵਿੱਚ ਨੰਬਰਦਾਰਾਂ ਦੇ ਬੈਠਣ ਵਾਸਤੇ ਦਫਤਰ ਦੇ ਤੌਰ ਤੇ ਇਕ ਕਮਰਾ ਰਾਖਵਾਂ ਰੱਖਿਆ ਜਾਵੇ। ਨੰਬਰਦਾਰਾਂ ਦੇ ਇਕੱਠ ਦੌਰਾਨ ਇਹ ਵੀ ਤਹਿ ਕੀਤਾ ਕਿ ਹਰ ਮਹੀਨੇ ਹਰ ਜਿਲੇ ਵਿੱਚ ਨੰਬਰਦਾਰਾਂ ਦੀ ਇਕ ਮੀਟਿੰਗ ਹੋਇਆ ਕਰੇਗੀ। ਜਿਸ ਦੌਰਾਨ ਨੰਬਰਦਾਰਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਇਆਂ ਕਰਨਗੀਆਂ। ਨੰਬਰਦਾਰ ਯੂਨੀਆਨ ਨੇ ਇਹ ਵੀ ਮੰਗ ਕੀਤੀ ਪਹਿਲਾਂ ਵਾਂਗ ਨੰਬਰਦਾਰੀ ਪਰਿਵਾਰ ਵਿੱਚ ਹੀ ਰਹਿਣੀ ਚਾਹੀਦੀ ਹੈ। ਮੀਟਿੰਗ ਵਿੱਚ ਇਹ ਬੜੇ ਜੋਰ ਨਾਲ ਇਕ ਗੱਲ ਉਭਰ ਕੇ ਸਾਹਮਣੇ ਆਈ ਕਿ ਕਾਂਗਰਸ ਸਰਕਾਰ ਬੜੇ ਲੰਬੇ ਸਮੇਂ ਤੋਂ ਨੰਬਰਦਾਰਾਂ ਨੂੰ ਲਾਰੇ ਲਾ ਰਹੀ ਹੈ ਪਰ ਹੁਣ ਇਸ ਲਾਰੇ ਲੱਪੇ ਵਾਲੀ ਨੀਤੀ ਨੂੰ ਚੱਲਣ ਨਹੀ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਉਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਖਤ ਵਿਰੋਧਤਾ ਕੀਤੀ ਜਾਵੇਗੀ। ਇਸ ਮੌਕੇ ਦਿਲਬਾਗ ਸਿੰਘ ਸੁਲਤਾਨਵਿੰਡ ਨੇ ਕਿ ਕਿ ਜੇ ਕਿਸੇ ਵੀ ਨੰਬਰਦਾਰ ਨੂੰ ਕੋਈ ਮੁਸ਼ਕਲ ਆਉਦੀ ਹੈ ਤਾਂ ਮੇਰੇ ਨਾਲ ਲਿੰਕ ਕਾਇਮ ਕੀਤਾ ਜਾਵੇ। ਇਸ ਦੌਰਾਨ ਸੁਰਿੰਦਰ ਸਿੰਘ ਜੰਡਿਆਲਾ ਗੁਰੂ, ਕੋਲਵੰਤ ਸਿੰਘ ਜੰਡਿਆਲਾ ਗੁਰੂ, ਹੁਸ਼ਿਆਰ ਸਿੰਘ ਝੰਡੇਰ, ਮੁਖਤਿਆਰ ਸਿੰਘ , ਜੋਗਿੰਦਰ ਸਿੰਘ ਸਿੱਧੂ, ਸਤਨਾਮ ਸਿੰਘ ਸਫੀਪੁਰ, ਗੱਜਣ ਸਿੰਘ ਮੱਤੇਵਾਲ, ਅਵਤਾਰ ਸਿੰਘ ਰੂਪੋਵਾਲੀਆ, ਸੁਖਦੇਵ ਸਿੰਘ , ਡਾ ਜਸਬੀਰ ਸਿੰਘ, ਬਲਵਿੰਦਰ ਸਿੰਘ ਲੋਹਾਰਕਾ, ਦਲਜੀਤ ਸਿੰਘ, ਦਲੀਪ ਸਿੰਘ ਚਾਟੀਵਿੰਡ, ਗੁਰਪ੍ਰੀਤ ਸਿੰਘ ਮਜੀਠਾ, ਬਲਰਾਜ ਸਿੰਘ, ਗੁਰਦਿਆਲ ਸਿੰਘ, ਨਿਸ਼ਾਨ ਸਿੰਘ, ਬਲਵਿੰਦਰ ਸਿੰਘ, ਗਿਆਨਸਿੰਘ, ਗੁਰਬਚਨ ਸਿੰਘ, ਮੰਨਜਿੰਦਰ ਸਿੰਘ , ਸਰਦਾਰਾ ਸਿੰਘ, ਕਸ਼ਮੀਰ ਸਿੰਘ, ਨਰਿੰਦਰ ਸਿੰਘ, ਮਹਿੰਦਰ ਸਿੰਘ ਘੱਨੂੰਪੁਰ ਆਦਿ ਹਾਜਰ ਸਨ।



## ਖਿਡਾਰਨ ਲਵਲੀਨਾ ਦੇ ਖ਼ਿਲਾਫ਼ ਮੁਕੱਦਮੇ ਦੀ ਮੰਗ ਰੱਦ

ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਰਾਸ਼ਟਰੀ ਯੁਵਾ ਟੀਮ ਦੇ ਕੋਚ ਵਜੋਂਲੰਬੇ ਸਮੇਂ ਤੋਂ ਕੰਮ ਕਰ ਰਹੇ ਭਾਸਕਰ ਭੱਟ ਦਾ ਵਿਸ਼ਵ ਚੈਂਪੀਅਨਸ਼ਿਪ ਤੋਂ ਪਹਿਲਾਂ ਸੀਨੀਅਰ ਮਹਿਲਾ ਮੁੱਕੇਬਾਜ਼ੀ ਦਾ ਮੁੱਖ ਕੋਚ ਬਣਨਾ ਲੱਗਭਗ ਤੈਅ ਹੈ। ਦੂਸਰੇ ਪਾਸੇ ਉਲੰਪਿਕ ਵਿੱਚ ਕਾਂਸੀ ਦਾ ਤਗਮਾ ਜੇਤੂ ਲਵਲੀਨਾ ਬੋਰਗੋ-ਹੇਨ ਦੇ ਖ਼ਿਲਾਫ਼ ਰਾਸ਼ਟਰੀ ਪੱਧਰ ਉੱਤੇ ਸੋਨ ਤਗਮਾ ਜੇਤੂ ਅਰੁੰਧਤੀ ਚੌਧਰੀ ਵੱਲੋਂ ਟਰਾਇਲ ਦੀ ਬੇਨਤੀ ਰੱਦ ਕਰ ਦਿੱਤੀ ਗਈ ਹੈ।

ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ (ਬੀ ਐਫ ਆਈ) ਦੇ ਜਨਰਲ ਸੈਕਟਰੀ ਹੇਮੰਤ ਕਾਲੀਤਾ ਨੇ ਕਿਹਾ ਕਿ ਲਵਲੀਨਾ ਨੂੰ 70 ਕਿੱਲੋ ਵਰਗ ਵਿੱਚ ਸਿੱਧੇ ਦਾਖਲੇ ਦੇ ਫ਼ੈਸਲੇ ਉੱਤੇ ਮੁੜ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਅਰੁੰਧਤੀ ਨੇ ਇੱਕ ਖੁੱਲ੍ਹਾ ਪੱਤਰ ਜਾਰੀ ਕਰਕੇ ਖੇਡ ਦੀ ਪਾਰਦਸ਼ਤਾ ਬਣਾਈ ਰੱਖਣ ਤੇ ਹਰ ਵਾਰ ਖ਼ੁਦ ਨੂੰ ਸਾਬਤ ਕਰਨ ਦੀ ਜ਼ਰੂਰਤ ਦਾ ਹਵਾਲਾ ਦੇ ਕੇ ਟਰਾਇਲ ਦੀ ਮੰਗ ਕੀਤੀ। ਕਾਲੀਤਾ ਨੇ ਕਿਹਾ ਕਿ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਦਾ ਕੋਈ ਟਰਾਇਲ ਨਹੀਂ ਹੋਵੇਗਾ। ਜਿਵੇਂ ਸਤੰਬਰ ਵਿੱਚ ਕਾਰਜਕਾਰੀ ਕਮੇਟੀ ਦੀ ਬੈਠਕ ਵਿੱਚ ਤੈਅ ਕੀਤਾ ਗਿਆ ਸੀ, ਲਵਲੀਨਾ ਦੇ ਵਰਗ ਨੂੰ ਛੱਡ ਕੇ ਹਰ ਵਰਗ ਦਾ ਰਾਸ਼ਟਰੀ ਚੈਂਪੀਅਨ ਭਾਰਤ ਦੀ ਨੁਮਾਇੰਦਗੀ ਕਰੇਗਾ। ਉਨ੍ਹਾਂ ਕਿਹਾ ਕਿ ਲਵਲੀਨਾ ਨੂੰ ਸਿੱਧਾ ਦਾਖਲੇ ਦਾ ਫ਼ੈਸਲਾ ਉਸ ਦੇ ਟੋਕੀਓ ਉਲੰਪਿਕ ਪ੍ਰਦਰਸ਼ਨ ਉੱਤੇ ਆਧਾਰਿਤ ਸੀ, ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਵਰਨਣ ਯੋਗ ਹੈ ਕਿ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਦਸੰਬਰ ਵਿੱਚ ਇਸਤੰਬੁਲ ਵਿਖੇ ਹੋਣੀ ਹੈ। ਅਜੇ ਤਕ ਮੁਕਾਬਲੇ ਦੀਆਂ ਤਰੀਖਾਂ ਦਾ ਐਲਾਨ ਨਹੀਂ ਹੋਇਆ। 24 ਸਾਲਾ ਲਵਲੀਨਾ ਇਸ ਮੁਕਾਬਲੇ ਵਿੱਚ ਦੋ ਵਾਰ ਕਾਂਸੀ ਤਗਮਾ ਜਿੱਤੀ ਹੈ ਜਦੋਂ ਕਿ 19 ਸਾਲਾ ਅਰੁੰਧਤੀ ਨੇ ਇਸ ਸਾਲ ਦੀ ਸ਼ੁਰੂਆਤ ਵਿੱਚ ਯੂਥ ਵਰਲਡ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਜਿੱਤਿਆ।

### ਗਵਰਨਰ ਮਲਿਕ ਦਾ ਫੇਰ ਨਿਸ਼ਾਨਾ:

## ਕੁੱਤਾ ਵੀ ਮਰੇ ਤਾਂ ਦਿੱਲੀ ਦੇ ਨੇਤਾ ਸੋਗ ਸੰਦੇਸ਼ ਦਿੰਦੇ ਨੇ, 600 ਕਿਸਾਨ ਮਰਨ ਦਾ ਇੱਕ ਵੀ ਮਤਾ ਪਾਸ ਨਹੀਂ ਹੋਇਆ

ਜੈਪੁਰ, 8 ਨਵੰਬਰ (ਪੋਸਟ ਬਿਊਰੋ)- ਮੇਘਾਲਿਆ ਦੇ ਗਵਰਨਰ ਸਤਿਆਪਾਲ ਮਲਿਕ ਨੇ ਕਿਸਾਨ ਅੰਦਾਲਨ ਬਾਰੇ ਇੱਕ ਵਾਰ ਫਿਰ ਮੋਦੀ ਸਰਕਾਰ ਉੱਤੇ ਬਹੁਤ ਤਿੱਖਾ ਹਮਲਾ ਕੀਤਾ ਹੈ।

ਅੱਜਕੱਲ੍ਹ ਕਈ ਵਾਰ ਕਿਸਾਨਾਂ ਦੇ ਮੁੱਦੇ ਦੇ ਕਾਰਨ ਸਰਕਾਰ ਅਤੇ ਭਾਜਪਾ ਬਾਰੇ ਲਾਈਨ ਤੋਂ ਹਟ ਕੇ ਬੋਲਣ ਵਾਲੇ ਗਵਰਨਰ ਮਲਿਕ ਨੇ ਸਪੱਸ਼ਟ ਕਿਹਾ ਕਿ ਉਹ ਦਿੱਲੀਦੇ ਉਨ੍ਹਾਂ 2-3 ਲੋਕਾਂ ਦੀ ਇੱਛਾ ਦੇ ਖ਼ਿਲਾਫ਼ ਬੋਲ ਰਹੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਗਵਰਨਰ ਬਣਾਇਆ ਹੈ ਤੇ ਜਦੋਂ ਉਹ ਕਹਿਣਗੇ ਤਾਂ ਉਹ ਅਹੁਦੇ ਤੋਂ ਹੱਟ ਜਾਣਗੇ। ਮਲਿਕ ਨੇ ਕਿਹਾ ਕਿ ਕਿਸਾਨ ਅੰਦੋਲਨ ਵਿੱਚ 600 ਲੋਕ ਸ਼ਹੀਦ ਹੋ ਗਏ ਤਾਂ ਲੋਕ ਸਭਾ ਵਿੱਚ ਮਤਾ ਪਾਸ ਨਹੀਂ ਹੋਇਆ, ਜਦ ਕਿ ਦਿੱਲੀ ਦੇ ਆਗੂ ਜੇ ਕੁੱਤਾ ਵੀ ਮਰ ਜਾਵੇ ਤਾਂ ਸੋਗ ਸੰਦੇਸ਼ ਜਾਰੀ ਕਰਦੇ ਹਨ।ਮਲਿਕ ਨੇ ਇਹ ਵੀ ਕਿਹਾ ਕਿ ਹਾਲ ਹੀ ਵਿੱਚ ਮਹਾਰਾਸ਼ਟਰ ਦੇ ਹਸਪਤਾਲ ਵਿੱਚ ਅੱਗ ਲੱਗਣ ਕਾਰਨ 5-7 ਲੋਕਾਂ ਦੀ ਮੌਤ ਹੋਈ। ਉਨ੍ਹਾਂ ਦੀ ਮੌਤ ਉੱਤੇ ਦਿੱਲੀ ਤੋਂ ਸੋਗ ਸੰਦੇਸ਼ ਭੇਜੇ ਗਏ। ਸਾਡੇ ਵਰਗ ਦੇ ਲੋਕ ਵੀ ਕਿਸਾਨਾਂ ਦੀ ਮੌਤ ਉੱਤੇਪਾਰਲੀਮੈਂਟ



ਵਿੱਚ ਸੋਗ ਮਤੇ ਲਈ ਨਹੀਂ ਬੋਲੇ, ਮੈਨੂੰ ਇਸ ਦਾ ਦੁੱਖ ਹੈ।

ਜੈਪੁਰ ਵਿੱਚ ਇੱਕ ਪ੍ਰੋਗਰਾਮ ਵਿੱਚ ਸਤਿਆਪਾਲ ਮਲਿਕ ਨੇ ਕਿਹਾ, 'ਦੇਸ਼ ਵਿੱਚ ਅੱਜ ਤਕ ਇੰਨਾਂ ਵੱਡਾ ਅੰਦੋਲਨ ਨਹੀਂ ਹੋਇਆ, ਜਿਸ ਵਿੱਚ 600 ਲੋਕ ਸ਼ਹੀਦ ਹੋਏ ਹੋਣ। ਕੁੱਤਾ ਵੀ ਮਰ ਜਾਵੇ ਤਾਂ ਦਿੱਲੀ ਦੇ ਲੀਡਰਾਂ ਦਾ ਸੋਗ ਸੰਦੇਸ਼ ਚਲਾ ਜਾਂਦਾ ਹੈ, ਪਰ 600 ਕਿਸਾਨਾਂ ਦਾ ਮਤਾ ਲੋਕ ਸਭਾ ਵਿੱਚ ਪਾਸ ਨਹੀਂ ਹੋਇਆ। ਉਨ੍ਹਾ ਕਿਹਾ, 'ਅੱਜ ਇਹ ਕਿਸਾਨਾਂ ਦਾ ਮਸਲਾ ਹੈ, ਜੇ ਮੈਂ ਕੁੱਝ ਕਹਾਂ ਤਾਂ ਵਿਵਾਦ ਹੁੰਦਾ ਹੈ। ਇਹ ਅਖ਼ਬਾਰਾਂ ਵਾਲੇ ਅਜਿਹਾ ਕਰ ਦਿੰਦੇ ਹਨ ਕਿ ਮੈਂ ਦੋ ਹਫ਼ਤੇ ਤਕ ਉਡੀਕ ਕਰਦਾ ਹਾਂ ਕਿ ਦਿੱਲੀ ਤੋਂ ਕੋਈ ਟੈਲੀਫ਼ੋਨ ਆਏਗਾ। ਗਵਰਨਰ ਨੂੰ ਇਸ ਤਰ੍ਹਾਂ ਹਟਾਇਆ ਨਹੀਂ ਜਾ ਸਕਦਾ, ਪਰ ਮੇਰੇ ਸ਼ੁਭਚਿੰਤਕ ਕਹਿੰਦੇ ਹਨ ਕਿ ਇਹ ਕੁਝ ਬੋਲਣ ਤੋਂ ਹਟ ਜਾਵਾਂ। ਫ਼ੇਸਬੁੱਕ ਉੱਤੇ ਲਿਖਦੇ ਹਨ ਕਿ ਜਦੋਂ ਤੁਹਾਨੂੰ ਇੰਨਾ ਮਹਿਸੂਸ ਹੁੰਦਾ ਹੈ ਤਾਂ ਅਸਤੀਫ਼ਾ ਕਿਉਂ ਨਹੀਂ ਦਿੰਦੇ, ਮੈਂ ਕਹਿੰਦਾ ਹਾਂ ਕਿ ਕੀ ਤੁਹਾਡੇ ਬਾਪ ਨੇ ਨਹੀਂ ਬਣਾਇਆ।" ਮਲਿਕ ਨੇ ਕਿਹਾ, 'ਮੈਨੂੰ ਦਿੱਲੀ ਵਿਚਲੇ 2-3 ਵੱਡੇ ਲੋਕਾਂ ਨੇ ਬਣਾਇਆ ਹੈ, ਮੈਂ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਬੋਲਦਾ ਹਾਂ, ਮੈਨੂੰਜਦੋਂ ਅਹੁਦਾ ਛੱਡਣ ਲਈ ਕਹਿਣਗੇ, ਮੈਂ ਇੱਕ ਮਿੰਟ ਵੀ ਨਹੀਂ ਲਾਵਾਂਗਾ।'

ਗਵਰਨਰ ਮਲਿਕ ਨੇ ਕਿਹਾ ਕਿ ਕਿਸਾਨ ਅੰਦੋਲਨ ਦਾ ਅਸਰ ਭਾਰਤੀ ਫ਼ੌਜਾਂ ਉੱਤੇ ਵੀ ਪਿਆ ਹੈ। ਓਥੇ ਕਿਸਾਨਾਂ ਦੇ ਪੁੱਤਰ ਵੀ ਹਨ। ਕੁਝ ਵੀ ਹੋ ਸਕਦਾ ਹੈ। ਤੁਸੀਂ ਅੱਜ ਤਕੜੇ ਹੋ। ਲੜਾਈ ਹੁੰਦੀ ਹੈ ਤਾਂ ਇਨ੍ਹਾਂ ਕਿਸਾਨਾਂ ਦੇ ਮੁੰਡੇ ਸ਼ਹੀਦ ਹੁੰਦੇ ਹਨ। ਕਾਰਗਿਲ ਵਿੱਚ ਸਰਕਾਰ ਦਾ ਕਸੂਰ ਸੀ ਤੇ ਕੀਮਤ ਕਿਸਾਨਾਂ ਦੇ ਬੱਚਿਆਂ ਨੇ ਅਦਾ ਕੀਤੀ। ਸਾਡੇ ਨਾਲ ਬੇਇਨਸਾਫ਼ੀ ਹੁੰਦੀ ਹੈ। ਕਿਸੇ ਦਿਨ ਲੋਕ ਇਸ ਉੱਤੇ ਪ੍ਰਤੀਕਿਰਿਆ ਕਰਦੇ ਹਨ। ਅੱਜ ਤੱਕ ਕਿਸਾਨਾਂ ਨੇ ਇੱਕ ਕੰਕਰ ਵੀ ਨਹੀਂ ਮਾਰਿਆ।


## ਪਾਕਿ ਸੁਰੱਖਿਆ ਏਜੰਸੀ ਦੀ ਫਾਇਰਿੰਗ ਨਾਲ ਮਹਾਰਾਸ਼ਟਰ ਦੇ ਮਛੇਰੇ ਦੀ ਮੌਤ

ਅਹਿਮਦਾਬਾਦ, 8 ਨਵੰਬਰ (ਪੋਸਟ ਬਿਊਰੋ)- ਅਰਬ ਸਾਗਰ ਵਿੱਚ ਗੁਜਰਾਤ ਤੱਟ ਨਾਲ ਲੱਗਦੀ ਕੌਮਾਂਤਰੀ ਜਲ ਸੀਮਾ ਵਿੱਚ ਮਛੇਰਿਆਂ ਦੀ ਕਿਸ਼ਤੀ ਉੱਤੇ ਪਾਕਿਸਤਾਨੀ ਸਮੁੰਦਰੀ ਸੁਰੱਖਿਆ ਏਜੰਸੀ (ਪੀ ਐਮ ਐਸ ਏ) ਦੇ ਜਵਾਨਾਂ ਨੇ ਕੱਲ੍ਹ ਫਾਇਰਿੰਗ ਕਰ ਦਿੱਤੀ, ਜਿਸ ਵਿੱਚ ਮਹਾਰਾਸ਼ਟਰ ਦੇ ਇੱਕ ਮਛੇਰੇ ਦੀ ਮੌਤ ਹੋ ਗਈ ਤੇ ਇੱਕ ਕਰੂਅ ਮੈਂਬਰ ਜ਼ਖਮੀ ਹੋ ਗਿਆ। ਸ਼ਨੀਵਾਰ ਸ਼ਾਮ ਦੀ ਇਸ ਘਟਨਾ ਬਾਰੇ ਪੋਰਬੰਦਰ ਮਰੀਨ ਪੁਲਸ ਨੇ ਕੇਸ ਦਰਜ ਕਰ ਲਿਆ ਹੈ।

ਦੇਵਭੂਮੀ ਦਵਾਰਕਾ ਦੇ ਐਸ ਪੀ ਸੁਨੀਲ ਜੋਸ਼ੀ ਨੇ ਮੰਨਿਆ ਕਿ ਮਹਾਰਾਸ਼ਟਰ ਦੇ ਠਾਣੇ ਸ਼ਹਿਰ ਦਾ ਮਛੇਰਾ



32 ਸਾਲਾ ਸ੍ਰੀਧਰ ਰਮੇਸ਼ ਚਮਰੇ ਮੱਛੀਆਂ ਫੜਨ ਵਾਲੀ ਕਿਸ਼ਤੀ 'ਜਲਪਰੀ' ਉੱਤੇ ਸੀ ਤਾਂ ਸ਼ਨੀਵਾਰ ਸ਼ਾਮ ਪੀ ਐਮ ਐਸ ਏ ਮੁਲਾਜ਼ਮਾਂ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚਸ੍ਰੀਧਰ ਰਮੇਸ਼ ਚਮਰੇ ਦੀ ਮੌਤ ਹੋ ਗਈ ਅਤੇ ਕਰੂਅ ਦਾ ਇੱਕ ਮੈਂਬਰ ਜ਼ਖਮੀ ਹੋ ਗਿਆ। ਸਾਰੇ ਮਛੇਰੇ ਸੋਮਨਾਥ ਜ਼ਿਲ੍ਹੇ ਦੇ ਕੋਡੀਨਾਰ ਦੇ ਨਾਨਜੀ ਭਾਈ ਰਾਠੌੜ ਦੀ ਕਿਸ਼ਤੀ ਉੱਤੇ ਮੱਛੀਆਂ ਫੜਨ ਲਈ ਸਮੁੰਦਰ ਵਿੱਚ ਗਏ ਸਨ। ਕਿਸ਼ਤੀ ਉੱਤੇ ਕਰੂਅ ਦੇ 7 ਮੈਂਬਰ ਸਨ। ਗੋਲੀਬਾਰੀ ਵਿੱਚ ਕਰੂਆ ਦਾ ਇੱਕ ਹੋਰ ਮੈਂਬਰ ਮਾਮੂਲੀ ਜ਼ਖਮੀ ਹੋਇਆ ਹੈ। ਜੋਸ਼ੀ ਨੇ ਕਿਹਾ ਕਿ 'ਜਲਪਰੀ' 25 ਅਕਤੂਬਰ ਨੂੰ ਓਖਾ ਤੋਂ ਕਰੂਅ ਦੇ ਸੱਤ ਮੈਂਬਰਾਂ ਨਾਲ ਰਵਾਨਾ ਹੋਈ ਸੀ। ਇਨ੍ਹਾਂ ਵਿੱਚੋਂ ਪੰਜ ਗੁਜਰਾਤੀ ਤੇ ਦੋ ਮਹਾਰਾਸ਼ਟਰ ਦੇ ਸਨ। ਕੋਸਟ ਗਾਰਡ ਫੋਰਸ ਨੇ ਦਸਿਆ, 'ਇਸ ਬਾਰੇ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਜਿਸ ਦੇ ਬਾਅਦ ਵੇਰਵਾ ਦਿੱਤਾ ਜਾ ਸਕੇਗਾ।" ਕਿਸ਼ਤੀ ਵਿੱਚੋਂ ਛੇ ਜਣਿਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੇ ਪਾਕਿਸਤਾਨ ਦੇ ਦਾਅਵੇ ਬਾਰੇ ਕੋਸਟ ਗਾਰਡ ਫੋਰਸ ਨੇ ਕਿਹਾ ਕਿ ਇਸ ਦੀ ਪੁਸ਼ਟੀ ਨਹੀਂ ਹੋਈ।




## ਅਮਰੀਕੀ ਕੌਂਸਲੇਟ ਖੋਲ੍ਹਣ ਤੋਂ ਫਲਸਤੀਨ ਤੇ ਇਸਰਾਈਲ ਦੀ ਸ਼ਬਦੀ ਜੰਗ ਸ਼ੁਰੂ

ਤਲ ਅਵੀਵ, 8 ਨਵੰਬਰ (ਪੋਸਟ ਬਿਊਰੋ)- ਯੇਰੂਸ਼ਲਮ ਵਿੱਚ ਅਮਰੀਕੀ ਕੌਂਸਲੇਟ ਖੋਲ੍ਹਣ ਦੇ ਵਾਅਦੇ ਨੂੰ ਪੂਰਾ ਕਰਨ ਦੇ ਲਈ ਇਸਰਾਈਲ ਵੱਲੋਂ ਪਹਿਲਾ ਫੈਸਲਾ ਰੱਦ ਕੀਤੇ ਜਾਣ ਉਤੇ ਫਲਸਤੀਨ ਨੇ ਉਸ ਦੀ ਆਲੋਚਨਾ ਕੀਤੀ ਹੈ।

ਫਲਸਤੀਨ ਦੇ ਵਿਦੇਸ਼ ਮੰਤਰੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਕੌਂਸਲੇਟ ਨੂੰ ਮੁੜ ਤੋਂ ਖੋਲ੍ਹਣ ਦੀ ਕੌਮਾਂਤਰੀ ਭਾਈਚਾਰੇ ਦੀ ਵਚਨਬੱਧਤਾ ਵਜੋਂ ਦੇਖਦਾ ਹੈ, ਕਿਉਂਕਿ ਉਹ ਆਪਣੇ ਭਵਿੱਖ ਦੇ ਮੁਲਕ ਲਈ ਇਸਰਾਈਲ ਦੇ ਦਹਾਕਿਆਂ ਪੁਰਾਣੇ ਕਬਜ਼ੇ ਨੂੰ ਖਤਮ ਕਰਨਾ ਚਾਹੁੰਦਾ ਹੈ। ਉਨ੍ਹਾਂ ਬਿਆਨ ਵਿੱਚ ਕਿਹਾ, "ਪੂਰਬੀ ਯੇਰੂਸ਼ਲਮ ਕਬਜ਼ੇ ਵਾਲੇ ਫਲਸਤੀਨ ਖੇਤਰ ਦਾ



ਅਟੁੱਟ ਹਿੱਸਾ ਹੈ ਅਤੇ ਇਹ ਫਲਸਤੀਨ ਦੇਸ਼ ਦੀ ਰਾਜਧਾਨੀ ਹੈ। ਇਸ ਉਤੇ ਕਬਜ਼ਾ ਕਰੀ ਬੈਠੇ ਇਸਰਾਈਲ ਨੂੰ ਅਮਰੀਕੀ ਪ੍ਰਸ਼ਾਸਨ ਦੇ ਫੈਸਲੇ ਨੂੰ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ।"

ਇਸਰਾਈਲ ਦੇ ਪ੍ਰਧਾਨ ਮੰਤਰੀ ਨਫਤਾਲੀ ਬੈਨੇਟ ਨੇ ਫਲਸਤੀਨ ਵਿੱਚ ਅਮਰੀਕਾ ਦਾ ਮੁੱਖ ਮਿਸ਼ਨ ਮੁੜ ਖੋਲ੍ਹਣ ਦੇ ਵਾਅਦੇ ਤੋਂ ਕੱਲ੍ਹ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਵਿਵਾਦਤ ਸ਼ਹਿਰ ਵਿੱਚ ਅਜਿਹਾ ਦਫਤਰ ਖੋਲ੍ਹਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਟਰੰਪ ਸਰਕਾਰ ਨੇ ਯੇਰੂਸ਼ਲਮ ਵਿੱਚ ਅਮਰੀਕੀ ਮਿਸ਼ਨ ਬੰਦ ਕਰ ਦਿੱਤਾ ਸੀ। ਇਹ ਮਿਸ਼ਨ ਫਲਸਤੀਨ ਵਿੱਚ ਦੂਤਘਰ ਵਾਂਗ ਕੰਮ ਕਰਦਾ ਸੀ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਸ ਮਿਸ਼ਨ ਨੂੰ ਫਿਰ ਖੋਲ੍ਹਣ ਲਈ ਵਾਅਦਾ ਕੀਤਾ ਸੀ। ਇਹ ਐਲਾਨ ਉਤੇ ਇਸਰਾਈਲ ਨੇ ਕਿਹਾ ਸੀ ਕਿ ਉਹ ਸ਼ਹਿਰ ਉਤੇ ਉਸ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇਵੇਗਾ।

ਇੱਕ ਪ੍ਰੈਸ ਕਾਨਫਰੰਸ ਦੌਰਾਨ ਮਿਸ਼ਨ ਬਾਰੇ ਪੁੱਛੇ ਸਵਾਲ ਉੱਤੇ ਬੈਨੇਟ ਨੇ ਯੇਰੂਸ਼ਲਮ ਉਤੇ ਇਸਰਾਈਲ ਦਾ ਰੁਖ਼ ਦੁਹਰਾਇਆ ਅਤੇ ਕਿਹਾ, "ਯੇਰੂਸ਼ਲਮ ਵਿੱਚ ਇੱਕ ਹੋਰ ਅਮਰੀਕੀ ਮਿਸ਼ਨ ਲਈ ਕੋਈ ਥਾਂ ਨਹੀਂ ਹੈ। ਯੇਰੂਸ਼ਲਮ ਇੱਕ ਰਾਸ਼ਟਰੀ ਰਾਜਧਾਨੀ ਹੈ ਅਤੇ ਉਹ ਰਾਸ਼ਟਰ ਇਸਰਾਈਲ ਹੈ।"

## ਪ੍ਰਧਾਨ ਮੰਤਰੀ ਮੋਦੀ ਵੱਲੋਂ ਕੇਦਾਰਨਾਥ ਮੰਦਰ ਵਿੱਚ ਜੁੱਤੀ ਪਾ ਕੇ ਜਾਣ ਉੱਤੇ ਵਿਵਾਦ



ਦੇਹਰਾਦੂਨ, 8 ਨਵੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੇਦਾਰਨਾਥ ਮੰਦਰ ਵਿੱਚ ਜੁੱਤੀਆਂ ਪਾ ਕੇ ਜਾਣ ਉੱਤੇ ਵਿਵਾਦ ਖੜਾ ਹੋ ਗਿਆ ਹੈ। ਕਾਂਗਰਸ ਨੇ ਕੱਲ੍ਹ ਕੇਦਾਰਨਾਥ ਮੰਦਰ ਦੇ ਗਰਭ ਗ੍ਰਹਿ ਤੋਂ ਪ੍ਰਧਾਨ ਮੰਤਰੀ ਦੀ ਪੂਜਾ ਦਾ ਲਾਈਵ ਪ੍ਰਸਾਰਨ ਅਤੇ ਮੰਦਰ ਕੰਪਲੈਕਸ ਵਿੱਚ ਜੁੱਤੀ ਪਹਿਨਣ ਉੱਤੇ ਸਖ਼ਤ ਇਤਰਾਜ਼ ਕੀਤਾ ਅਤੇ ਇਸ ਨੂੰ ਮੰਦਰਾਂ ਦੀਆਂ ਪਰੰਪਰਾਵਾਂ ਦੀ ਉਲੰਘਣਾ ਕਰਾਰ ਦਿੱਤਾ ਹੈ।

ਕਾਂਗਰਸ ਦੇ ਜਨਰਲ ਸੈਕਟਰੀ ਅਤੇ ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਮੋਦੀ ਦੇ ਕੇਦਾਰਧਾਮ ਦੌਰੇ ਤੋਂ ਬਾਅਦ ਇੱਕ ਟਵੀਟ ਵਿੱਚ ਕਿਹਾ: 'ਗਰਭਗ੍ਰਹਿ ਵਿੱਚੋਂ ਜਿਸ ਤਰ੍ਹਾਂ ਪੂਜਾ ਦਾ ਪ੍ਰਸਾਰਨ ਹੋਇਆ, ਉਸ ਨੇ ਮੈਨੂੰ ਵੱਡੀ ਸ਼ਸ਼ੋਪੰਜ ਵਿੱਚ ਪਾਇਆ ਹੈ। ਸ਼ਿਵ ਦੇ ਸਾਹਮਣੇ ਸਾਰੇ ਭਗਤ ਬਰਾਬਰ ਹਨ। ਭਵਿੱਖ ਵਿੱਚ ਕਿਸੇ ਨੂੰ ਕਿਵੇਂ ਕਿਹਾ ਜਾਵੇਗਾ ਕਿ ਗਰਭਗ੍ਰਹਿ ਵਿੱਚ ਤੁਸੀਂ ਕੈਮਰਾ ਜਾਂਮੋਬਾਈਲ ਲੈ ਕੇ ਨਹੀਂ ਜਾ ਸਕਦੇ ਜਾਂ ਤੁਸੀਂ ਰਿਕ-ਾਰਡਿੰਗ ਨਹੀਂ ਕਰ ਸਕਦੇ। ਫਿਰ ਹੌਲੀ-ਹੌਲੀ ਲੋਕ ਦੂਜੀਆਂ ਪਰੰਪਰਾਵਾਂ ਅਤੇ ਮਾਨਤਾਵਾਂ ਨੂੰ ਵੀ ਤੋੜਨਗੇ।'

ਇਸ ਪਿੱਛੋਂ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਗਣੇਸ਼ ਗੋਦਿਆਲ ਦਾ ਸੋਸ਼ਲ ਮੀਡੀਆ ਉੱਤੇ ਇੱਕ ਪੁਰਾਣਾ ਵੀਡੀਓ ਕਈ ਵਾਰ ਵੇਖਿਆ ਗਿਆ, ਜਿਸ ਵਿੱਚ 2013 ਵਿੱਚ ਆਈ ਕੁਦਰਤੀ ਆਫਤ ਤੋਂ ਬਾਅਦ ਉਹ ਕੇਦਾਰਨਾਥ ਮੰਦਰ ਵਿੱਚ ਜੁੱਤੀ ਪਾਈ ਇੱਕ ਟੀ ਵੀ ਚੈਨਲ ਦੇ ਸੰਪਾਦਕ ਨਾਲ ਗੱਲ ਕਰਦੇ ਨਜ਼ਰ ਪੈਂਦੇ ਹਨ। ਇਸ ਉਤੇ ਗੋਦਿਆਲ ਨੇ ਕਿਹਾ ਕਿ ਮੋਦੀ ਦੇ ਕੱਲ੍ਹ ਕੇਦਾਰਨਾਥ ਮੰਦਰ ਕੰਪਲੈਕਸ ਵਿੱਚ ਹੋਏ ਪ੍ਰੋਗਰਾਮ ਦੌਰਾਨ ਸਾਰੇ ਭਾਜਪਾ ਨੇਤਾ ਜੁੱਤੀਆਂ ਪਾਈ ਬੈਠੇ ਸਨ, ਜਦੋਂ ਕਿ ਉਹ ਆਫਤ ਦੌਰਾਨ ਜੁੱਤੀਆਂ ਪਾ ਕੇ ਗਏ ਸਨ, ਜਿਸ ਦੀ ਤੁਲਨਾ ਕਰਨਾ ਗਲਤ ਹੈ।

### ਡਾਕਟਰੀ ਸੀਟ ਵਿਕਰੀ ਮਾਮਲਾ :

## ਪੁਲਸ ਨੇ ਹੁਰੀਅਤ ਨੇਤਾ ਸਣੇ 9 ਖਿਲਾਫ ਕੇਸ ਚਲਾਉਣ ਦੇ ਲਈ ਗ੍ਰਹਿ ਵਿਭਾਗ ਤੋਂ ਮਨਜ਼ੂਰੀ ਮੰਗੀ

ਸ੍ਰੀਨਗਰ, 8 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚਲੀਆਂ ਐਮ ਬੀ ਬੀ ਐਸ ਸੀਟਾਂ ਕਸ਼ਮੀਰੀ ਵਿਦਿਆਰਥੀਆਂ ਨੂੰ ਵੇਚਣ ਤੇ ਉਸ ਪੈਸੇ ਦੀ ਅੱਤਵਾਦ ਲਈ ਫੰਡਿੰਗ ਅਤੇ ਸਮਰਥਨ ਕਣੂ ਹੁਰੀਅਤ ਨੇਤਾ ਅਤੇ ਦੱਖਣੀ ਕਸ਼ਮੀਰ ਵਿਚਲੇ ਇੱਕ ਵਕੀਲ ਸਣੇ 9 ਜਣਿਆਂ ਦੇ ਖ਼ਿਲਾਫ ਕੇਸ ਚਲਾਉਣ ਲਈ ਗ੍ਰਹਿ ਵਿਭਾਗ ਦਾ ਰੁਖ਼ ਕੀਤਾ ਹੈ।

ਪੁਲਸ ਦੇ ਕਰਾਈਮ ਜਾਂਚ ਸੈਲ ਦੇ ਕਾਊਂਟਰ ਇੰਟੈਲੀਜੈਂਸਵਿੰਗ ਕਸ਼ਮੀਰ (ਸੀ ਆਈ ਕੇ) ਨੇ ਬੀਤੇ ਸਾਲ ਜੁਲਾਈ ਵਿੱਚ ਇਸ ਦਾ ਕੇਸ ਦਰਜ ਕੀਤਾ ਸੀ। ਸੀ ਆਈ ਕੇ ਨੂੰ ਪਤਾ ਲੱਗਾ ਸੀ ਕਿ ਹੁਰੀਅਤ ਨੇਤਾਵਾਂ ਸਣੇ ਕਈ ਲੋਕਾਂ ਨੇ ਕੁਝ ਸਿੱਖਿਆ ਸਲਾਹਕਾਰ ਸੰਸਥਾਵਾਂ ਨਾਲ ਭਾਈਵਾਲੀ ਕੀਤੀ ਅਤੇ ਪਾਕਿਸਤਾਨ ਵਿੱਚ ਐਮ ਬੀ ਬੀ ਐਸ ਸੀਟਾਂ ਤੇ ਹੋਰ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੇਸ਼ੇਵਰ ਕੋਰਸਾਂ ਦੀਆਂ ਸੀਟਾਂ ਵੇਚਦੇ ਹਨ। ਵਿੰਗ ਨੇ ਕਸ਼ਮੀਰੀ ਵਿਦਿਆਰਥੀਆਂ ਨੂੰ ਪਾਕਿ-ਸਤਾਨ ਵਿੱਚ ਐਮ ਬੀ ਬੀ ਐਸ ਸੀਟਾਂ ਵੇਚਣ ਅਤੇ ਉਹ ਪੈਸਾ ਦਹਿਸ਼ਤਗਰਦੀ ਵਾਸਤੇ ਫੰਡਿੰਗ ਤੇ ਸਮਰਥਨ ਲਈ ਵਰਤਣ ਦੇ ਦੋਸ਼ ਹੇਠ ਬੀਤੇ ਅਗਸਤ ਵਿੱਚ ਹੁਰੀਅਤ ਨੇਤਾ ਮੁਹੰਮਦ ਅਕਬਰ ਭੱਟ ਅਤੇ ਤਿੰਨ ਹੋਰਨਾਂ ਨੂੰ ਗ੍ਰਿਫਤਾਰ ਕੀਤਾ ਅਤੇ ਇਸ ਸਬੰਧ ਵਿੱਚ ਕਸ਼ਮੀਰ ਘਾਟੀ ਵਿੱਚ ਦਰਜਨ ਤੋਂ ਵੱਧ ਛਾਪੇ ਮਾਰੇ ਸਨ।ਸੀ ਆਈ ਕੇ ਨੇ ਜਾਂਚ ਮਗਰੋਂ ਜੰਮੂ-ਕਸ਼ਮੀਰ ਦੇ ਗ੍ਰਹਿ ਵਿਭਾਗ ਕੋਲ ਪਹੁੰਚ ਕਰ ਕੇ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਹੇਠ9 ਜਣਿਆਂ ਦੇ ਖ਼ਿਲਾਫ ਕੇਸ ਦਰਜ ਕਰਨ ਦੀ ਮਨਜ਼ੂਰੀ ਮੰਗੀ ਸੀ। ਅਧਿਕਾਰੀਆਂ ਮੁਤਾਬਕ ਜਾਂਚ ਦੌਰਾਨ ਮਿਲੇ ਸਬੂਤਾਂਤੋਂ ਪਤਾ ਲੱਗਾ ਹੈ ਕਿ ਦਾਖਲਿਆਂ ਤੋਂ ਮਿਲਿਆ ਪੈਸਾ ਕੁਝ ਦਹਿਸ਼ਤਗਰਦ ਧੜਿਆਂ ਨੂੰ ਵੀ ਦਿੱਤਾ ਗਿਆ।

ਇਸ ਕੇਸ ਨਾਲ ਕੱਟੜਪੰਥੀ ਹੁਰੀਅਤ ਕਾਨਫਰੰਸ ਉੱਤੇ ਪਾਬੰਦੀ ਲਾਉਣ ਵਿੱਚ ਮੱਦਦ ਮਿਲ ਸਕਦੀ ਹੈ, ਕਿਉਂਕਿ ਹੁਰੀਅਤ ਕਾਨਫਰੰਸ ਦੇ ਇੱਕ ਗਰੁੱਪ ਸਾਲਵੇਸ਼ਨ ਫਰੰਟ ਦਾ ਮੁਖੀ ਮੁਹੰਮਦ ਅਕਬਰ ਭੱਟ ਉਰਫ ਜ਼ਫਰ ਭੱਟ ਉਨ੍ਹਾਂ 9 ਜਣਿਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਦੇ ਖਿਲਾਫ ਯੂ ਏ ਪੀ ਏ ਤਹਿਤ ਕੇਸ ਚਲਾਉਣ ਦੀ ਮਨਜ਼ੂਰੀ ਮੰਗੀ ਗਈ ਹੈ। ਇਸ ਦੇ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ ਕੁਝ ਗਵਾਹਾਂ ਨੇ ਸੰਕੇਤ ਦਿੱਤੇ ਹਨ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦੇ ਦਿਮਾਗ ਦੀ ਉਪਜ ਇਸ 'ਪ੍ਰੋਗਰਾਮ'ਹੇਠ ਦਾਖਲਾ ਲੈਣ ਲਈ ਕਈ ਪਰਵਾਰਾਂ ਨੇ ਹੁਰੀਅਤ ਨੇਤਾਵਾਂ ਨਾਲ ਸੰਪਰਕ ਕੀਤਾ ਸੀ। ਇਸ ਪ੍ਰੋਗਰਾਮ ਦਾ ਮਕਸਦ ਮਾਰੇ ਗਏ ਦਹਿਸ਼ਤਗਰਦਾਂ ਦੇ ਪਰਵਾਰਾਂ ਨੂੰ ਐਮ ਬੀ ਬੀ ਐਸ ਅਤੇ ਇੰਜੀਨੀਅਰਿੰਗ ਸੀਟਾਂ ਮੁਫਤ ਦੇ ਕੇ ਦਹਿਸ਼ਤਗਰਦੀ ਨੂੰ ਹੱਲਾਸ਼ੇਰੀ ਦੇਣਾ ਸੀ। ਕੁਝ ਅਜਿਹੇ ਪਰਵਾਰ ਪੈਸੇ ਮੰਗੇ ਜਾਣ ਕਾਰਨ ਨਿਰਾਸ਼ ਵੀ ਸਨ। ਇਨ੍ਹਾਂ ਸੀਟਾਂ ਦੀ ਕੀਮਤ 10 ਤੋਂ 12 ਲੱਖ ਰੁਪਏ ਸੀ, ਪਰ ਕੁਝ ਕੇਸਾਂ ਵਿੱਚ ਹੁਰੀਅਤ ਦੇ ਸੀਨੀਅਰ ਨੇਤਾਵਾਂ ਦੀ 'ਸਿਫਾਰਸ਼' ਉਤੇ ਕੀਮਤ ਘਟਾ ਦਿੱਤੀ ਗਈ ਸੀ।

## ਸੱਤਾ ਉਤੇ ਕਬਜ਼ੇ ਮਗਰੋਂ ਤਾਲਿਬਾਨ ਆਪਣੀ ਹਵਾਈ ਫੌਜ ਬਣਾ ਰਿਹੈ



ਕਾਬੁਲ, 8 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਸੱਤਾ ਉੱਤੇ ਕਾਬਜ਼ ਹੋਣ ਦੇ ਕਰੀਬ ਤਿੰਨ ਮਹੀਨੇ ਬਾਅਦ ਤਾਲਿਬਾਨ ਨੇ ਆਪਣੀ ਹਵਾਈ ਫੌਜ ਬਣਾਉਣ ਦੀ ਇੱਛਾ ਪ੍ਰਗਟਾਈ ਹੈ।

ਇਸ ਤੋਂ ਪਹਿਲਾਂ ਤਾਲਿਬਾਨ ਆਪਣੇ ਹਥਿਆਰਬੰਦ ਦਸਤਿਆਂ ਦੀ ਆਵਾਜਾਈ ਲਈ ਪਹਿਲਾਂ ਤੋਂਹੈਲੀਕਾਪਟਰਾਂ ਦੀ ਵਰਤੋਂ ਕਰ ਰਿਹਾ ਹੈ। ਉਸ ਕੋਲ ਆਧੁਨਿਕ ਅਮਰੀਕੀ ਜਹਾਜ਼ਾਂ ਤੇ ਹੈਲੀਕਾਪਟਰਾਂ ਦੀ ਕਾਫੀ ਗਿਣਤੀ ਮੌਜੂਦ ਹੈ। ਇਸ ਤੋਂ ਇਲਾਵਾ ਭਾਰਤ ਵੱਲੋਂ ਸਾਬਕਾ ਸਰਕਾਰ ਨੂੰ ਤੋਹਫੇ ਵਜੋਂ ਦਿੱਤੇ ਗਏ ਐਮ ਆਈ-17 ਹੈਲੀਕਾਪਟਰ ਵੀ ਤਾਲਿਬਾਨ ਦੇ ਹੱਥ ਲੱਗ ਗਏ ਹਨ। ਪਿੱਛੇ ਜਿਹੇ ਕਾਬੁਲ ਦੇ ਮੁੱਖ ਮਿਲਟਰੀ ਹਸਪਤਾਲ ਨੇੜੇ ਅੱਤਵਾਦੀ ਸੰਗਠਨ ਆਈ ਐਸ ਦੇ ਹਮਲੇ ਤੋਂ ਬਾਅਦ ਜਵਾਬੀ ਕਾਰਵਾਈ ਵਿੱਚ ਤਾਲਿਬਾਨ ਨੇ ਅਮਰੀਕੀ ਬਲੈਕ ਹਾਕ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਸੀ। ਇਸੇ ਦਾ ਨਤੀਜਾ ਸੀ ਕਿ ਆਈ ਐਸ ਦੇ ਪੰਜ ਬੰਦੂਕਧਾਰੀ ਅੱਤਵਾਦੀ ਮਾਰੇ ਗਏ। ਆਤਮਘਾਤੀ ਬੰਬ ਧਮਾਕਿਆਂ ਤੋਂ ਬਾਅਦ ਇਹ ਪੰਜ ਅੱਤਵਾਦੀ ਹਸਪਤਾਲ ਵਿੱਚ ਦਾਖਲ ਹੋ ਕੇ ਉਥੇ ਖੂਨ ਖਰਾਬਾ ਕਰਨ ਦੀ ਤਾੜ ਵਿੱਚ ਸਨ। ਤਾਲਿਬਾਨ ਦੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਕਾਰੀ ਸਈਦ ਖੋਸਤੀ ਨੇ ਦੱਸਿਆ ਕਿ ਅਸੀਂ ਸਾਬਕਾ ਸਰਕਾਰ ਦੀ ਹਵਾਈ ਫੌਜ ਦੇ ਢਾਂਚੇ ਦੀ ਵਰਤੋਂ ਕਰ ਕੇ ਉਸ ਨੂੰ ਮੁੜ ਸੁਰਜੀਤ ਕਰਾਂਗੇ। ਇਸ ਕੰਮ ਵਿੱਚ ਹਵਾਈ ਫੌਜ ਦੇ ਪਾਇਲਟਾਂ ਤੇ ਹੋਰ ਸਟਾਫ ਦੀ ਮੁੜ ਨਿਯੁਕਤੀ ਕੀਤੀ ਜਾਵੇਗੀ। ਤਾਲਿਬਾਨ ਦੀ ਖੁਫੀਆ ਇਕਾਈ ਦੇ ਉਚ ਅਧਿਕਾਰੀ ਨੇ ਵੀ ਹਵਾਈ ਫੌਜ ਦੇ ਗਠਨ ਨੂੰ ਜ਼ਰੂਰੀ ਦੱਸਿਆ ਹੈ। ਤਾਲਿਬਾਨ ਸਰਕਾਰ ਵਿੱਚ ਕੁਝ ਹੋਰ ਉਚ ਅਹੁਦੇ ਦੇ ਲੋਕਾਂ ਨੇ ਵੀ ਹਵਾਈ ਫੌਜ ਦੇ ਗਠਨ ਨੂੰ ਜ਼ਰੂਰੀ ਮੰਨਿਆ ਹੈ।

## ਅਨਿਲ ਦੇਸ਼ਮੁੱਖ ਨੂੰ 12 ਤਕ ਈ ਡੀ ਦੀ ਹਿਰਾਸਤ ਵਿੱਚ ਭੇਜਿਆ

ਮੁੰਬਈ, 8 ਨਵੰਬਰ (ਪੋਸਟ ਬਿਊਰੋ)- ਬੰਬਈ ਹਾਈ ਕੋਰਟ ਨੇ ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਦੇਸ਼ਮੁੱਖ ਨੂੰ ਜੁਡੀਸ਼ਲ ਹਿਰਾਸਤ ਵਿੱਚ ਭੇਜਣ ਦਾ ਵਿਸ਼ੇਸ਼ ਅਦਾਲਤ ਦਾ ਹੁਕਮ ਕੱਲ੍ਹ ਰੱਦ ਕਰ ਦਿੱਤਾ ਅਤੇ ਉਨ੍ਹਾਂ ਨੂੰ ਮਨੀ ਲਾਂਡਰਿੰਗ ਕੇਸ ਵਿੱਚ 12 ਨਵੰਬਰ ਤਕ ਐਨਫੋਰਸਮੈਂਟ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਹਾਈ ਕੋਰਟ ਦੇ ਜਸਟਿਸ ਮਾਧਵ ਜਾਮਦਾਰ ਦੀ ਵੋਕੇਸ਼ਨਲ ਬੈਂਚ ਨੇ ਈ ਡੀ ਦੀ ਅਰਜ਼ੀ ਉੱਤੇ ਸੁਣਵਾਈ ਕੀਤੀ ਤਾਂ ਈ ਡੀ ਨੇ ਦੇਸ਼ਮੁੱਖ ਨੂੰ 14 ਦਿਨ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜਣ ਦੇ ਵਿਸ਼ੇਸ਼ ਅਦਾਲਤ ਦੇ 6 ਨਵੰਬਰ ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ। ਜੱਜ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਦੇਸ਼ਮੁੱਖ ਨੂੰ 12 ਤਕ ਈ ਡੀ ਦੀ ਹਿਰਾਸਤ ਵਿੱਚ ਰੱਖੇ ਜਾਣ ਦਾ ਹੁਕਮ ਦਿੱਤਾ।ਈ ਡੀ ਵੱਲੋਂ ਪੇਸ਼ ਹੋਏ ਅਡੀਸ਼ਨਲ ਸਾਲਿਸਟਰ ਜਨਰਲ ਅਨਿਲ ਸਿੰਘ ਨੇ ਹਾਈ ਕੋਰਟ ਨੂੰ ਦੱਸਿਆ ਕਿ ਅੱਜ ਤਕ ਦੀ ਜਾਂਚ ਦੇ ਆਧਾਰ ਉੱਤੇਕੇਸ ਵਿੱਚ ਲੱਗਭਗ 100 ਕਰੋੜ ਰੁਪਏ ਲੈਣ-ਦੇਣਦੀ ਵਿਚਾਰ ਕਰਦੇ ਹੋਏ ਹਿਰਾਸਤ ਵਿੱਚ ਪੁੱਛਗਿੱਛ ਕਰਨ ਦੀ ਲੋੜ ਹੈ। ਈ ਡੀ ਨੇ ਕਿਹਾ ਕਿ ਉਹ ਦੇਸ਼ਮੁਖ ਦਾ ਸਾਹਮਣਾ ਸਸਪੈਂਡ ਹੋਏ ਪੁਲਸ ਮੁਲਾਜ਼ਮ ਸਚਿਨ ਵਝੇ ਤੇ ਹੋਰਨਾਂ ਨਾਲ ਕਰਾਉਣਾ ਚਾਹੁੰਦੀ ਹੈ, ਜਿਨ੍ਹਾਂ ਵਿੱਚਐਨ ਸੀ ਪੀ ਨੇਤਾ ਦੇ ਪਰਵਾਰਕ ਮੈਂਬਰ, ਉਨ੍ਹਾਂ ਦੇ ਬੇਟੇ ਰਿਸ਼ੀਕੇਸ਼ ਦੇਸ਼ਮੁਖ ਅਤੇ ਸਲਿਲ ਦੇਸ਼ਮੁਖ ਅਤੇ ਉਨ੍ਹਾਂ ਦੇ ਚਾਰਟਰਡ ਅਕਾਊਂਟੈਂਟ ਸ਼ਾਮਲ ਹਨ।




## ਸ਼੍ਰੀਨਗਰ ਵਿੱਚ ਗੋਲੀ ਮਾਰ ਕੇ ਪੁਲਸ ਮੁਲਾਜ਼ਮ ਦੀ ਹੱਤਿਆ



ਸ਼੍ਰੀਨਗਰ, 8 ਨਵੰਬਰ (ਪੋਸਟ ਬਿਊਰੋ)- ਸ਼੍ਰੀਨਗਰ ਦੇ ਬਟਮਾਲੂ ਇਲਾਕੇ ਵਿੱਚ ਕੱਲ੍ਹ ਸ਼ਾਮ ਵੇਲੇ ਅੱਤਵਾਦੀਆਂ ਨੇ 29 ਸਾਲ ਦੇ ਇੱਕ ਪੁਲਸ ਮੁਲਾਜ਼ਮ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਅੱਤਵਾਦੀਆਂ ਨੇ ਤੌਸੀਫ ਅਹਿਮਦ ਨਾਮੀ ਉਕਤ ਪੁਲਸ ਮੁਲਾਜ਼ਮ ਨੂੰ ਬਹੁਤ ਨੇੜਿਓਂ ਗੋਲੀ ਮਾਰੀ।ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸੁਰੱਖਿਆ ਫੋਰਸਾਂ ਦੇ ਜਵਾਨਾਂ ਨੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਕੇ ਕਤਲ ਲਈ ਜ਼ਿੰਮੇਵਾਰ ਅੱਤਵਾਦੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇੱਕਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ਾਮ 6.25 ਵਜੇ ਅੱਤਵਾਦੀਆਂ ਨੇ ਕੁਲਗਾਮ ਜ਼ਿਲ੍ਹੇ ਵਿੱਚ ਨੇਹਾਮਾ ਚੌਕ ਉੱਤੇ ਸੀ ਆਰ ਪੀ ਐਫ ਦੀ 18 ਬਟਾਲੀਅਨ ਦੇ ਇੱਕ ਦਲ ਉੱਤੇ ਇੱਕ ਹੱਥਗੋਲਾ ਸੁੱਟਿਆ, ਜੋ ਸੜਕ ਦੇ ਕੰਢੇ ਉੱਤੇ ਫਟਿਆ। ਹਮਲੇ ਵਿੱਚ ਜਾਨ-ਮਾਲ ਦੇ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ।

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕਤ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

# HELP WANTED

DUNDAS·JAFINE

## ਕਾਮਿਆਂ ਦੀ ਲੋੜ

### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department


## ਤੰਦੂਰੀ ਸ਼ੈੱਫ ਦੀ ਲੋੜ

"ਫਿਊਜ਼ਨ ਬੂਥ", 1900 ਆਕਸਫੋਰਡ ਸਟਰੀਟ, ਲੰਡਨ, ਓਨਟਾਰੀਓ ਵਿਖੇ ਫੁਲ ਟਾਈਮ ਲਈ ਤੰਦੂਰੀ ਸ਼ੈੱਫ ਦੀ ਲੋੜ ਹੈ, ਜੋ ਭਾਰਤੀ ਸਟਾਇਲ ਦੇ ਓਵਨ 'ਚ ਬਰੈੱਡ ਅਤੇ ਮੀਟ ਤਿਆਰ ਕਰਨ ਦੇ ਯੋਗ ਹੋਵੇ। ਘੱਟ ਤੋਂ ਘੱਟ 6 ਮਹੀਨੇ ਦਾ ਤਜਰਬਾ ਹੋਣਾ ਲਾਜ਼ਮੀ ਹੈ, 1 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਨਖਾਹ ਤਜ਼ਰਬੇ ਦੇ ਹਿਸਾਬ ਨਾਲ ਹੋਵੇਗੀ।

**ਸੰਪਰਕ: 647-638-6347**


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ



WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
7 Days Work • All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ




647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?

## ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR
FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA

REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

### CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

### BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

### BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

### BRAMPTON




$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

### BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

621 Wanless drive, # 122
Brampton ON L7A 0A9
905-495-3336

80 Pertosa Drive
Brampton ON L5X-5E9
905-460-0009

2120 North park Drive
Brampton ON L6S 0C9
905-793-1338

21 Lacoste Blvd,
Brampton, ON L6P 2K2
905 794-8109

1075 Ceremonial Drive
Mississauga ON L5R 2Z4
905-502-1600

10510 Torbram Road,
Brampton
905-790-0030

10 Pannahill Dr,
Brampton
905 913-8017